@Qpatrika
@qaumipatrika punjabi
instagram.com/qaumipatrika

Largest Circulated

विश्व भर में सबसे ज्यादा पढ़ा जाने वाला

ਕੌਮੀ ਪਤ੍ਰਿਕਾ
Qaumi Patrika NO.1

Punjabi National Daily

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Wednesday, 15 May 2024

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਬੁੱਧਵਾਰ 15 ਮਈ 2024, 1 ਜੇਠ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 42, ਅੰਕ 175, qpatrika@gmail.com ਫੋਨ : 9971359517 www.qaumipatrika.org

‘ਇੰਡੀਆ’ ਗੱਠਜੋੜ ਦੀ ਸਰਕਾਰ ਬਣੀ ਤਾਂ ਪੂਰਾ ਸਮਰਥਨ ਦੇਵਾਂਗੀ : ਮਮਤਾ

ਕੋਲਕਾਤਾ, 14 ਮਈ। ਪੱਛਮੀ ਬੰਗਾਲ ਦੀ ਮੁੱਖ ਮੰਤਰੀ ਅਤੇ ਤ੍ਰਿਣਮੂਲ ਕਾਂਗਰਸ ਦੀ ਪ੍ਰਧਾਨ ਮਮਤਾ ਬੈਨਰਜੀ ਨੇ ਕਿਹਾ ਹੈ ਕਿ ਜੇਕਰ ਚੋਣਾਂ ਤੋਂ ਬਾਅਦ ਕੇਂਦਰ ਵਿਚ ‘ਇੰਡੀਆ’ ਗੱਠਜੋੜ ਦੀ ਸਰਕਾਰ ਬਣਦੀ ਹੈ ਤਾਂ ਉਹ ਉਸ ਨੂੰ ਪੂਰਾ ਸਮਰਥਨ ਦੇਵੇਗੀ। ਇਸ ਦੇ ਨਾਲ ਹੀ ਉਨ੍ਹਾਂ ਦਾਅਵਾ ਕੀਤਾ ਕਿ ਕੇਂਦਰ ਵਿਚ ਮੌਜੂਦਾ

ਸੱਤਾਧਾਰੀ ਭਾਰਤੀ ਜਨਤਾ ਪਾਰਟੀ ਨੂੰ 543 ਸੀਟਾਂ ਵਿਚੋਂ 195 ਤੋਂ ਵੱਧ ਸੀਟਾਂ ਨਹੀਂ ਮਿਲਣਗੀਆਂ। ਜਦੋਂ ਮਮਤਾ ਨੇ ਉੱਤਰੀ 24 ਪਰਗਨਾ ਜ਼ਿਲ੍ਹੇ ਦੇ ਬੋਨਗਾਂਵ ਅਤੇ ਬੈਰਕਪੁਰ ਹਲਕਿਆਂ ਵਿਚ 2 ਰੈਲੀਆਂ ਵਿਚ ਇਹ ਟਿੱਪਣੀਆਂ ਕੀਤੀਆਂ ਤਾਂ ਚੌਥੇ ਪੜਾਅ ਵਿਚ ਪੱਛਮੀ ਬੰਗਾਲ ਦੇ ਹੋਰ ਜ਼ਿਲ੍ਹਿਆਂ ਦੀਆਂ 8 ਲੋਕ ਸਭਾ ਸੀਟਾਂ ਲਈ ਵੋਟਿੰਗ ਚੱਲ ਰਹੀ ਸੀ। ਬੈਰਕਪੁਰ ਦੀ ਰੈਲੀ ਵਿਚ ਟੀ. ਐੱਮ. ਸੀ. ਸੁਪਰੀਮੋ ਨੇ ਕਿਹਾ, “ਬੰਗਾਲ ਰਸਤਾ ਦਿਖਾਏਗਾ। ਬੰਗਾਲ ਕੇਂਦਰ ਵਿਚ ਸਰਕਾਰ ਬਣਾਉਣ ਵਿਚ ਪੂਰਾ ਸਮਰਥਨ ਦੇਵੇਗਾ। ਸਾਨੂੰ ਕੁਝ ਨਹੀਂ ਚਾਹੀਦਾ। ਬੱਸ ਲੋਕਾਂ ਨੂੰ ਜੀਣ ਦਿਓ। ਦੇਸ ਬਚਣਾ ਚਾਹੀਦਾ ਹੈ ਤਾਂ ਜੋ ਲੋਕ ਸਾਂਤੀ ਨਾਲ ਰਹਿਣ। ਦੇਸ ਵਿਕਣਾ ਨਹੀਂ ਚਾਹੀਦਾ। ਸੰਵਿਧਾਨ ਨਹੀਂ ਵਿਕਣਾ ਚਾਹੀਦਾ। ਮਾਨਵਤਾ ਨਹੀਂ ਵਿਕਣੀ ਚਾਹੀਦੀ।

ਜੰਮੂ-ਕਸ਼ਮੀਰ ‘ਚ ਵੋਟਿੰਗ ਫੀਸਦੀ ਤੋਂ ਧਾਰਾ-370 ਹਟਣ ਦੇ ਨਤੀਜੇ ਨਜਰ ਆ ਰਹੇ ਹਨ: ਸ਼ਾਹ

ਨਵੀਂ ਦਿੱਲੀ 14 ਮਈ। ਗ੍ਰਹਿ ਮੰਤਰੀ ਅਮਿਤ ਸਾਹ ਨੇ ਮੰਗਲਵਾਰ ਨੂੰ ਕਿਹਾ ਕਿ ਧਾਰਾ 370 ਨੂੰ ਖਤਮ ਕਰਨ ਦੇ ਨਰਿੰਦਰ ਮੋਦੀ ਸਰਕਾਰ ਦੇ ਫੈਸਲੇ ਦੇ ਨਤੀਜੇ ਜੰਮੂ-ਕਸਮੀਰ ‘ਚ ਵੋਟਿੰਗ ਫੀਸਦੀ ਤੋਂ ਦਿਖਾਈ ਦੇ ਰਹੇ ਹਨ। ਲੋਕ ਸਭਾ ਚੋਣਾਂ ਦੇ ਚੌਥੇ ਪੜਾਅ ‘ਚ ਸ੍ਰੀਨਗਰ ਲੋਕ ਸਭਾ ਸੀਟ ‘ਤੇ ਕਰੀਬ 38 ਫੀਸਦੀ ਵੋਟਿੰਗ ਹੋਣ ਤੋਂ ਇਕ ਦਿਨ ਬਾਅਦ ਗ੍ਰਹਿ ਮੰਤਰੀ ਨੇ ਇਹ ਟਿੱਪਣੀ ਕੀਤੀ। ਸ਼੍ਰੀਨਗਰ ‘ਚ 2019 ਦੀਆਂ ਲੋਕ ਸਭਾ ਚੋਣਾਂ ‘ਚ 14.43 ਫੀਸਦੀ, 2014 ‘ਚ 25.86 ਫੀਸਦੀ, 2009 ‘ਚ 25.55 ਫੀਸਦੀ ਅਤੇ 2004 ‘ਚ 18.57 ਫੀਸਦੀ ਵੋਟਿੰਗ ਹੋਈ ਸੀ। ਸਾਹ ਨੇ ‘ਐਕਸ’ ‘ਤੇ ਲਿਖਿਆ ਕਿ ਮੋਦੀ ਸਰਕਾਰ ਦੇ ਧਾਰਾ 370 ਨੂੰ ਖਤਮ ਕਰਨ ਦੇ ਫੈਸਲੇ ਦੇ ਨਤੀਜੇ ਵੋਟ ਫੀਸਦੀ ਜਰੀਏ ਦਿਖਾਈ ਦੇ ਰਹੇ ਹਨ। ਇਸ ਨਾਲ ਜੰਮੂ-ਕਸਮੀਰ ਦੇ ਲੋਕਾਂ ਦਾ ਲੋਕਤੰਤਰ ‘ਚ ਭਰੋਸਾ ਵਧਿਆ ਹੈ ਅਤੇ ਇਸ ਦੀਆਂ ਜੜ੍ਹਾਂ ਡੂੰਘੀਆਂ ਹੋਈਆਂ ਹਨ। ਸਾਹ ਨੇ ਕਿਹਾ ਕਿ ਵੋਟ ਫੀਸਦੀ ਦੇ ਵਾਧੇ ਰਾਹੀਂ ਜੰਮੂ-ਕਸਮੀਰ ਦੇ ਲੋਕਾਂ ਨੇ ਧਾਰਾ 370 ਨੂੰ ਖਤਮ ਕਰਨ ਦਾ ਵਿਰੋਧ ਕਰਨ ਵਾਲਿਆਂ ਨੂੰ ਕਰਾਰਾ ਜਵਾਬ ਦਿੱਤਾ ਹੈ। 2019 ਵਿਚ ਮੋਦੀ ਸਰਕਾਰ ਨੇ ਜੰਮੂ ਅਤੇ ਕਸਮੀਰ ਨੂੰ ਵਿਸੇਸ ਦਰਜਾ ਦੇਣ ਵਾਲੀ ਧਾਰਾ 370 ਨੂੰ ਰੱਦ ਕਰ ਦਿੱਤਾ ਅਤੇ ਸੂਬੇ ਨੂੰ ਦੋ ਕੇਂਦਰ ਸਾਸਿਤ ਪ੍ਰਦੇਸਾਂ- ਜੰਮੂ-ਕਸਮੀਰ ਅਤੇ ਲੱਦਾਖ ਵਿਚ ਵੰਡ ਦਿੱਤਾ।

ਕਾਲ ਭੈਰਵ ਦਾ ਆਸ਼ੀਰਵਾਦ ਲੈ ਕੇ ਪ੍ਰਧਾਨ ਮੰਤਰੀ ਮੋਦੀ ਨੇ ਵਾਰਾਣਸੀ ਤੋਂ ਤੀਜੀ ਵਾਰ ਭਰਿਆ ਨਾਮਜਦਗੀ ਪੱਤਰ

ਸਿੰਮੀ ਕੌਰ ਬੱਬਰ

ਵਾਰਾਣਸੀ 14 ਮਈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵਾਰਾਣਸੀ ਲੋਕ ਸਭਾ ਹਲਕੇ ਤੋਂ ਅੱਜ ਯਾਨੀ ਕਿ ਮੰਗਲਵਾਰ ਨੂੰ ਤੀਜੀ ਵਾਰ ਨਾਮਜਦਗੀ ਪੱਤਰ ਭਰਿਆ। ਨਾਮਜਦਗੀ ਪੱਤਰ ਭਰਨ ਤੋਂ ਪਹਿਲਾਂ ਉਨ੍ਹਾਂ ਅੱਜ ਸਵੇਰੇ ਗੰਗਾ ਕਿਨਾਰੇ ਦਸਾਸਵਮੇਧ ਘਾਟ ‘ਤੇ ਪੂਜਾ-ਆਰਤੀ ਕੀਤੀ ਅਤੇ ਕਾਲ ਭੈਰਵ ਮੰਦਰ ਦੇ ਦਰਸਨ ਕੀਤੇ। ਕਾਲ ਭੈਰਵ ਦਾ ਆਸ਼ੀਰਵਾਦ ਲੈ ਕੇ ਪ੍ਰਧਾਨ ਮੰਤਰੀ ਮੋਦੀ ਨੇ ਨਾਮਜਦਗੀ ਪੱਤਰ ਭਰਿਆ। ਦੱਸ ਦੇਈਏ ਕਿ ਪ੍ਰਧਾਨ ਮੰਤਰੀ ਮੋਦੀ ਵਾਰਾਣਸੀ ਤੋਂ ਮੌਜੂਦਾ ਸੰਸਦ ਮੈਂਬਰ ਅਤੇ ਉਮੀਦਵਾਰ ਹਨ। ਸਫੈਦ ਕੁੜਤਾ-ਪਜਾਮਾ ਅਤੇ ਨੀਲੀ ਜੈਕਟ ਪਹਿਨੇ ਪ੍ਰਧਾਨ ਮੰਤਰੀ ਆਪਣਾ ਨਾਮਜਦਗੀ ਪੱਤਰ ਦਾਖਲ ਕਰਨ ਲਈ ਵਾਰਾਣਸੀ ਜ਼ਿਲ੍ਹਾ ਅਧਿਕਾਰੀ ਦੇ ਦਫਤਰ (ਕਲੈਕਟਰੇਟ) ਪਹੁੰਚੇ। ਪ੍ਰਧਾਨ ਮੰਤਰੀ ਦੀ ਨਾਮਜਦਗੀ ਪੱਤਰ ਭਰਨ ਨੂੰ ਲੈ ਕੇ ਵਾਰਾਣਸੀ ਵਿਚ ਕਲੈਕਟਰੇਟ ਕੰਪਲੈਕਸ ਦੇ ਬਾਹਰ ਸੁਰੱਖਿਆ ਸਖਤ ਕਰ ਦਿੱਤੀ ਗਈ। ਪ੍ਰਧਾਨ ਮੰਤਰੀ ਨਾਲ ਇਸ ਦੌਰਾਨ ਅਮਿਤ ਸਾਹ, ਰਾਜਨਾਥ ਸਿੰਘ,

ਚਿਰਾਗ ਪਾਸਵਾਨ, ਰਾਮਦਾਸ ਅਠਾਵਲੇ, ਏਕਨਾਥ ਸ਼ਿੰਦੇ ਅਤੇ ਯੋਗੀ ਆਦਿਤਿਆਨਾਥ ਸਮੇਤ ਕਈ ਦਿੱਗਜ ਕਲੈਕਟਰੇਟ ਕੰਪਲੈਕਸ ਵਿਚ ਮੌਜੂਦ ਰਹੇ। ਦੱਸ ਦੇਈਏ ਕਿ ਇਹ ਤੀਜਾ ਮੌਕਾ ਹੈ, ਜਦੋਂ ਪ੍ਰਧਾਨ ਮੰਤਰੀ ਮੋਦੀ ਵਾਰਾਣਸੀ ਸੰਸਦੀ ਖੇਤਰ ਤੋਂ ਆਪਣੀ ਨਾਮਜਦਗੀ ਪੱਤਰ ਭਰਿਆ ਹੈ। ਇਸ ਤੋਂ ਪਹਿਲਾਂ ਸਾਲ 2014 ਅਤੇ ਸਾਲ 2019 ਦੀਆਂ ਲੋਕ ਸਭਾ ਚੋਣਾਂ ਵਿਚ ਉਨ੍ਹਾਂ ਨੂੰ ਭਾਰੀ ਬਹੁਮਤ ਨਾਲ ਜਿੱਤ ਮਿਲੀ ਸੀ। ਪ੍ਰਧਾਨ ਮੰਤਰੀ ਨੇ ਸੋਸ਼ਲ ਮੀਡੀਆ ਮੰਚ ‘ਐਕਸ’ ‘ਤੇ ਇਕ ਪੋਸਟ ਵਿਚ ਲਿਖਿਆ ਕਿ ਕਾਸ਼ੀ ਨਾਲ ਮੇਰਾ ਰਿਸ਼ਤਾ ਅਨੋਖਾ, ਅਟੁੱਟ ਅਤੇ ਬੇਮਿਸਾਲ ਹੈ। ਮੈਂ ਕਹਿ ਸਕਦਾ ਹਾਂ ਕਿ ਇਸ ਨੂੰ ਸ਼ਬਦਾਂ ਵਿਚ ਜਾਹਰ ਨਹੀਂ ਕੀਤਾ ਜਾ ਸਕਦਾ। ਦੱਸ ਦੇਈਏ ਕਿ ਵਾਰਾਣਸੀ ਲੋਕ ਸਭਾ ਚੋਣਾਂ ਦੇ 7ਵੇਂ ਪੜਾਅ ਵਿਚ 1 ਜੂਨ ਨੂੰ ਵੋਟਿੰਗ ਹੋਵੇਗੀ।

ਕਾਂਗਰਸ ਨੇ ਸੁਪ੍ਰੀਆ ਭਾਰਦਵਾਜ ਨੂੰ ਨਿਯੁਕਤ ਕੀਤਾ ਨਵੀਂ ਰਾਸ਼ਟਰੀ ਮੀਡੀਆ ਕੋਆਰਡੀਨੇਟਰ

ਨਵੀਂ ਦਿੱਲੀ 14 ਮਈ। ਕਾਂਗਰਸ ਨੇ ਮੰਗਲਵਾਰ ਨੂੰ ਸੁਪ੍ਰੀਆ ਭਾਰਦਵਾਜ ਨੂੰ ਪਾਰਟੀ ਦਾ ਨਵਾਂ ਰਾਸਟਰੀ ਮੀਡੀਆ ਕੋਆਰਡੀਨੇਟਰ ਨਿਯੁਕਤ ਕੀਤਾ ਹੈ। ਕਾਂਗਰਸ ਦੇ ਮੀਡੀਆ ਅਤੇ ਪ੍ਰਚਾਰ ਵਿਭਾਗ ਦੇ ਮੁਖੀ ਪਵਨ ਖੇੜਾ ਨੇ ਅੱਜ ਯਾਨੀ

ਮੰਗਲਵਾਰ ਨੂੰ ਇੱਥੇ ਇਹ ਜਾਣਕਾਰੀ ਦਿੱਤੀ। ਖੇੜਾ ਨੇ ਦੱਸਿਆ ਕਿ ਸ੍ਰੀਮਤੀ ਭਾਰਦਵਾਜ ਦੀ ਨਿਯੁਕਤੀ ਤੁਰੰਤ ਪ੍ਰਭਾਵ ਨਾਲ ਲਾਗੂ ਹੋਵੇਗੀ। ਜ਼ਿਕਰਯੋਗ ਹੈ ਕਿ ਕਾਂਗਰਸ ਦੀ ਸਾਬਕਾ ਨੈਸਨਲ ਮੀਡੀਆ ਕੋਆਰਡੀਨੇਟਰ ਰਾਧਿਕਾ ਖੇੜਾ ਨੇ ਛੱਤੀਸਗੜ੍ਹ ਦੇ ਮੀਡੀਆ ਵਿੰਗ ਦੇ ਮੁਖੀ ਅਤੇ ਹੋਰ ਅਧਿਕਾਰੀਆਂ ਨਾਲ ਵਿਵਾਦ ਅਤੇ ਆਪਸੀ ਦੋਸਾਂ ਅਤੇ ਜਵਾਬੀ ਦੋਸਾਂ ਦੇ ਮੱਦੇਨਜਰ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ। ਸ੍ਰੀਮਤੀ ਖੇੜਾ ਬਾਅਦ ਵਿੱਚ ਭਾਰਤੀ ਜਨਤਾ ਪਾਰਟੀ ਵਿੱਚ ਸਾਮਲ ਹੋ ਗਏ। ਉਨ੍ਹਾਂ ਦੇ ਅਸਤੀਫੇ ਅਤੇ ਦਲ ਬਦਲੀ ਤੋਂ ਬਾਅਦ ਇਹ ਅਹੁਦਾ ਖਾਲੀ ਹੋਇਆ ਸੀ।

ਮੇਨਕਾ ਨੇ ਵਰੁਣ ਗਾਂਧੀ ਦੀ ਟਿਕਟ ਕੱਟਣ ਦਾ ਦੱਸਿਆ ਕਾਰਨ, ਕਿਹਾ ਅਜੇ ਵੀ ਕਰਾਂਗੇ ਚੋਣ ਪ੍ਰਚਾਰ

ਏਜੰਸੀਆਂ

ਨਵੀਂ ਦਿੱਲੀ 14 ਮਈ। ਭਾਜਪਾ ਨੇਤਾ ਮੇਨਕਾ ਗਾਂਧੀ ਨੇ ਸੰਕੇਤ ਦਿੱਤਾ ਕਿ ਸੰਭਵ ਤੌਰ ’ਤੇ ਸਰਕਾਰ ਦੀ ਆਲੋਚਨਾ ਕਰਨ ਕਾਰਨ ਉਨ੍ਹਾਂ ਦੇ ਬੇਟੇ ਵਰੁਣ ਗਾਂਧੀ ਨੂੰ ਪੀਲੀਭੀਤ ਤੋਂ ਪਾਰਟੀ ਨੇ ਲੋਕ ਸਭਾ ਟਿਕਟ ਨਹੀਂ ਦਿੱਤੀ। ਨਾਲ ਹੀ ਉਨ੍ਹਾਂ ਨੇ ਭਰੋਸਾ ਪ੍ਰਗਟਾਇਆ ਕਿ ਟਿਕਟ ਨਾ ਮਿਲਣ ਦੇ ਬਾਵਜੂਦ ਵਰੁਣ ਬਹੁਤ ਚੰਗਾ ਕਰਨਗੇ। ਇਕ ਇੰਟਰਵਿਊ ਵਿਚ ਸਾਬਕਾ ਕੇਂਦਰੀ ਮੰਤਰੀ ਅਤੇ ਸੁਲਤਾਨਪੁਰ ਸੀਟ ਤੋਂ ਭਾਜਪਾ ਉਮੀਦਵਾਰ ਮੇਨਕਾ ਨੇ ਕਿਹਾ ਕਿ ਵਰੁਣ ਗਾਂਧੀ ਇੱਥੇ ਆ ਕੇ ਉਨ੍ਹਾਂ ਲਈ ਪ੍ਰਚਾਰ ਕਰਨਾ ਚਾਹੁੰਦੇ ਹਨ, ਪਰ ਅਜੇ ਤੱਕ ਕੋਈ ਫੈਸਲਾ ਨਹੀਂ ਲਿਆ ਗਿਆ ਹੈ। ਉੱਤਰ ਪ੍ਰਦੇ ਸ਼ ਦੀ ਸੁਲਤਾਨਪੁਰ ਸੀਟ ’ਤੇ ਆਮ ਚੋਣਾਂ ਦੇ 6ਵੇਂ ਪੜਾਅ ਵਿਚ 25 ਮਈ ਨੂੰ ਵੋਟਾਂ ਪੈਣਗੀਆਂ। ਵਰੁਣ ਗਾਂਧੀ ਨੂੰ ਟਿਕਟ ਨਾ ਦਿੱਤੇ ਜਾਣ ਅਤੇ ਅਜਿਹੀ ਸਥਿਤੀ ’ਚ ਮਾਂ ਦੇ ਰੂਪ ’ਚ ਉਨ੍ਹਾਂ ਨੂੰ ਬੁਰਾ ਲੱਗਣ ਦੇ ਸਵਾਲ ’ਤੇ ਮੇਨਕਾ ਗਾਂਧੀ ਨੇ ਕਿਹਾ ਕਿ ਮੈਂ ਇਹ ਨਹੀਂ ਕਹਿ ਸਕਦੀ ਕਿ ਮੈਂ ਖੁਸ ਹੋਈ, ਪਰ ਮੈਨੂੰ ਯਕੀਨ ਹੈ ਕਿ ਬਿਨਾਂ ਟਿਕਟ ਦੇ ਵੀ ਵਰੁਣ ਬਹੁਤ ਵਧੀਆ ਪ੍ਰਦਰਸਨ ਕਰਨਗੇ। ਵਰੁਣ ਨੂੰ ਇਸ ਵਾਰ ਵੀ ਪੀਲੀਭੀਤ ਤੋਂ ਚੋਣ ਮੈਦਾਨ ਵਿਚ ਉਤਾਰਨ ਦੀ ਮੰਗ ਬਾਰੇ ਪੁੱਛੇ

ਜਾਣ ’ਤੇ ਉਨ੍ਹਾਂ ਕਿਹਾ ਕਿ ਹਾਂ, ਉਨ੍ਹਾਂ ਨੂੰ ਪੀਲੀਭੀਤ ਤੋਂ ਭਾਜਪਾ ਦਾ ਉਮੀਦਵਾਰ ਹੋਣਾ ਚਾਹੀਦਾ ਸੀ ਪਰ ਪਾਰਟੀ ਨੇ ਫੈਸਲਾ ਲਿਆ ਹੈ। ਇਹ ਪੁੱਛੇ ਜਾਣ ’ਤੇ ਕਿ ਕੀ ਵਰੁਣ ਨੂੰ ਟਿਕਟ ਇਸ ਲਈ ਨਹੀਂ ਮਿਲੀ ਕਿਉਂਕਿ ਉਨ੍ਹਾਂ ਨੇ ਸਰਕਾਰ ਦੀ ਆਲੋਚਨਾ ਕੀਤੀ ਸੀ, ਤਾਂ ਉਨ੍ਹਾਂ ਕਿਹਾ ਕਿ ਮੈਨੂੰ ਕੋਈ ਹੋਰ ਕਾਰਨ ਨਜਰ ਨਹੀਂ ਆਉਂਦਾ। ਇਹ ਪੁੱਛੇ ਜਾਣ ’ਤੇ ਕਿ ਕੀ ਵਰੁਣ ਗਾਂਧੀ ਸੁਲਤਾਨਪੁਰ ’ਚ ਉਨ੍ਹਾਂ ਲਈ ਚੋਣ ਪ੍ਰਚਾਰ ਕਰਨਗੇ, ਮੇਨਕਾ ਨੇ ਕਿਹਾ ਕਿ ਉਹ ਇੱਥੇ ਆਉਣ ਲਈ ਤਿਆਰ ਹਨ, ਪਰ ਅਸੀਂ ਅਜੇ ਇਸ ’ਤੇ ਕੋਈ ਫੈਸਲਾ ਨਹੀਂ ਲਿਆ ਹੈ। 8 ਵਾਰ ਸੰਸਦ ਮੈਂਬਰ ਰਹਿ ਚੁੱਕੀ ਮੇਨਕਾ ਨੇ ਇਹ ਵੀ ਕਿਹਾ ਕਿ ਚੋਣਾਂ ਵਿਚ ਉਹ ਸਿਰਫ ਸਥਾਨਕ ਮੁੱਦਿਆਂ ਦੀ ਗੱਲ ਕਰਦੀ ਹੈ। ਪਿਛਲੀ ਵਾਰ ਮੇਨਕਾ ਨੇ 14,000 ਤੋਂ ਵੱਧ ਵੋਟਾਂ ਨਾਲ ਜਿੱਤ ਦਰਜ ਕੀਤੀ ਸੀ। ਮੇਨਕਾ ਨੇ ਕਿਹਾ ਕਿ ਜਨਤਾ ਉਨ੍ਹਾਂ ਨੂੰ ਬਹੁਤ ਯਾਦ ਕਰਦੀ ਹੈ। ਉੱਤਰ ਪ੍ਰਦੇਸ ਵਿਚ ਰਾਮ ਮੰਦਰ ਭਾਜਪਾ ਦਾ ਅਹਿਮ ਮੁੱਦਾ ਹੋਣ ਬਾਰੇ ਪੁੱਛੇ ਜਾਣ ’ਤੇ ਉਨ੍ਹਾਂ ਕਿਹਾ ਕਿ ਸੁਲਤਾਨਪੁਰ ਵਿਚ ਸਾਇਦ ਇਹ ਘੱਟ ਮਹੱਤਵਪੂਰਨ ਹੈ, ਭਾਵੇਂ ਇਹ ਜ਼ਿਲ੍ਹਾ ਅਯੁੱਧਿਆ ਦੇ ਨੇੜੇ ਹੈ। ਸਾਬਕਾ ਕੇਂਦਰੀ ਮੰਤਰੀ ਨੇ ਕਿਹਾ ਕਿ ਲੋਕ ਅਯੁੱਧਿਆ ਵਿਚ ਮੰਦਰ ਨੂੰ ਲੈ ਕੇ ਬਹੁਤ ਖੁਸ ਹਨ, ਪਰ ਇਹ ਚੋਣ ਚਰਚਾ ਦਾ ਹਿੱਸਾ ਨਹੀਂ ਹੈ।

ਇਨਕਮ ਟੈਕਸ ਵਿਭਾਗ ਦਾ ਵੱਡਾ ਕਦਮ, ਟੈਕਸਦਾਤਿਆਂ ਨੂੰ ਦਿੱਤੀ ਇਹ ਨਵੀਂ ਸਹੂਲਤ

ਨਵੀਂ ਦਿੱਲੀ 14 ਮਈ। ਇਨਕਮ ਟੈਕਸ ਰਿਟਰਨ ਭਰਨ ਸਬੰਧੀ ਲੋਕਾਂ ਵਿੱਚ ਜਾਗਰੂਕਤਾ ਕਾਫੀ ਵਧੀ ਹੈ। ਇਨਕਮ ਟੈਕਸ ਵਿਭਾਗ ਵੀ ਲਗਾਤਾਰ ਜਾਣਕਾਰੀ ਜਾਰੀ ਕਰਦਾ ਰਹਿੰਦਾ ਹੈ। ਇਨਕਮ ਟੈਕਸ ਵਿਭਾਗ ਨੇ ਕਿਹਾ ਹੈ ਕਿ ਉਸ ਨੇ ਸਲਾਨਾ ਸੂਚਨਾ ਬਿਆਨ () ਵਿੱਚ ਇੱਕ ਨਵੀਂ ਵਿਸੇਸਤਾ ਜੋੜੀ ਹੈ। ਇਸ ਦੇ ਜਰੀਏ, ਟੈਕਸਦਾਤਾ ਸੂਚਨਾ ਤਸਦੀਕ ਪ੍ਰਕਿਰਿਆ ਦੀ ਸਥਿਤੀ ਦੇਖ ਸਕਣਗੇ। ਸੈਂਟਰਲ ਬੋਰਡ ਆਫ ਡਾਇਰੈਕਟ ਟੈਕਸ- ਸੈਂਟਰਲ ਬੋਰਡ ਆਫ ਡਾਇਰੈਕਟ ਟੈਕਸ (ਸੀ.ਬੀ.ਡੀ.ਟੀ.) ਨੇ ਬਿਆਨ ‘ਚ ਕਿਹਾ ਕਿ ਇਨਕਮ ਟੈਕਸ ਡਿਪਾਰਟਮੈਂਟ ਨੇ ਹੁਣ ਸੂਚਨਾ ਦੀ ਪੁਸਟੀ ਪ੍ਰਕਿਰਿਆ ਦੀ ਸਥਿਤੀ ਨੂੰ ਦਰਸਾਉਣ ਲਈ ‘ਚ ਇਕ ਨਵੀਂ ਪ੍ਰਣਾਲੀ ਪੇਸ ਕੀਤੀ ਹੈ। ਏਆਈਐਸ ਕਈ ਜਾਣਕਾਰੀ ਸਰੋਤਾਂ ਤੋਂ ਪ੍ਰਾਪਤ ਵਿੱਤੀ ਡੇਟਾ ਦੇ ਆਧਾਰ ‘ਤੇ ਤਿਆਰ ਕੀਤਾ ਗਿਆ ਹੈ। ਇਹ ਟੈਕਸਦਾਤਾਵਾਂ ਦੇ ਵਿੱਤੀ ਲੈਣ-ਦੇਣ ਦੀ ਇੱਕ ਵੱਡੀ ਗਿਣਤੀ ਦੇ ਵੇਰਵੇ ਪ੍ਰਦਾਨ ਕਰਦਾ ਹੈ ਜਿਨ੍ਹਾਂ ਦੇ ਟੈਕਸ ਪ੍ਰਭਾਵ ਹੋ ਸਕਦੇ ਹਨ। ਟੈਕਸਦਾਤਾਵਾਂ ਨੂੰ ਏਆਈਐਸ ਸਿਸਟਮ ਵਿੱਚ ਦਿਖਾਏ ਗਏ ਹਰੇਕ ਲੈਣ-ਦੇਣ ‘ਤੇ ਫੀਡਬੈਕ ਦੇਣ ਦੀ ਸਹੂਲਤ ਦਿੱਤੀ ਗਈ ਹੈ। ਇਹ ਫੀਡਬੈਕ ਟੈਕਸਦਾਤਾ ਨੂੰ ਅਜਿਹੀ ਜਾਣਕਾਰੀ ਦੇ ਸਰੋਤ ਤੋਂ ਪ੍ਰਾਪਤ ਜਾਣਕਾਰੀ ਦੀ ਸੁੱਧਤਾ ‘ਤੇ ਟਿੱਪਣੀ ਕਰਨ ਵਿੱਚ ਮਦਦ ਕਰਦਾ ਹੈ। ਗਲਤ ਰਿਪੋਰਟਿੰਗ ਦੇ ਮਾਮਲੇ ਵਿੱਚ, ਇਹ ਆਟੋਮੈਟਿਕ ਤਰੀਕੇ ਨਾਲ ਪੁਸ਼ਟੀ ਲਈ ਸਰੋਤ ਕੋਲੋ ਲੈ ਜਾਇਆ ਜਾ ਸਕਦਾ ਹੈ। ਬਿਆਨ ਅਨੁਸਾਰ ਇਹ ਦਰਸਾਏਗਾ ਕਿ ਕੀ ਟੈਕਸਦਾਤਾ ਦੀ ਫੀਡਬੈਕ ਨੂੰ ਸਰੋਤ ਤੋਂ ਅੰਸਕ ਜਾਂ ਪੂਰੀ ਤਰ੍ਹਾਂ ਸਵੀਕਾਰ ਜਾਂ ਅਸਵੀਕਾਰ ਕਰਕੇ ਕਾਰਵਾਈ ਕੀਤੀ ਗਈ ਹੈ। ਅੰਸਕ ਜਾਂ ਪੂਰਨ ਸਵੀਕ੍ਰਿਤੀ ਦੇ ਮਾਮਲੇ ਵਿੱਚ, ਸਰੋਤ ਵਾਲੇ ਪਾਸੇ ਤੋਂ ਇੱਕ ਸੁਧਾਰ ਬਿਆਨ ਦਾਇਰ ਕਰਕੇ ਜਾਣਕਾਰੀ ਨੂੰ ਠੀਕ ਕਰਨਾ ਜਰੂਰੀ ਹੈ। ਸੀਬੀਡੀਟੀ ਨੇ ਕਿਹਾ, ਇਸ ਨਵੀਂ ਪ੍ਰਣਾਲੀ ਨਾਲ ਟੈਕਸਦਾਤਾਵਾਂ ਨੂੰ ਏਆਈਐਸ ਵਿੱਚ ਅਜਿਹੀ ਜਾਣਕਾਰੀ ਪ੍ਰਦਰਸ਼ਿਤ ਕਰਕੇ ਪਾਰਦਰਸਤਾ ਵਧਾਉਣ ਦੀ ਉਮੀਦ ਹੈ। ਇਹ ਪਾਲਣਾ ਦੀ ਸੌਖ ਅਤੇ ਬਿਹਤਰ ਟੈਕਸਦਾਤਾ ਸੇਵਾਵਾਂ ਲਈ ਆਮਦਨ ਕਰ ਵਿਭਾਗ ਦੀ ਇੱਕ ਹੋਰ ਪਹਿਲ ਹੈ।

ਪਤੰਜਲੀ ਮਾਮਲੇ ‘ਚ ਸੁਪਰੀਮ ਕੋਰਟ ਨੇ ਫੈਸਲਾ ਰੱਖਿਆ ਸੁਰੱਖਿਅਤ

ਏਜੰਸੀਆਂ

ਨਵੀਂ ਦਿੱਲੀ 14 ਮਈ। ਸੁਪਰੀਮ ਕੋਰਟ ਨੇ ਮੰਗਲਵਾਰ ਨੂੰ ਪਤੰਜਲੀ ਆਯੁਰਵੇਦ ਅਤੇ ਇਸ ਦੇ ਮਾਲਕਾਂ ਬਾਬਾ ਰਾਮਦੇਵ ਅਤੇ ਆਚਾਰੀਆ ਬਾਲਕ੍ਰਿਸਨ ਖਿਲਾਫ ਕੰਪਨੀ ਦੇ ਗੁੰਮਰਾਹਕੁੰਨ ਇਸਤਿਹਾਰਾਂ ਨੂੰ ਲੈ ਕੇ ਦਾਇਰ ਅਦਾਲਤੀ ਮਾਣਹਾਨੀ ਦੇ ਮਾਮਲੇ ‘ਚ ਆਪਣਾ ਫੈਸਲਾ ਸੁਰੱਖਿਅਤ ਰੱਖ ਲਿਆ ਹੈ। ਇਸ ਤੋਂ ਇਲਾਵਾ ਜਸਟਿਸ ਹਿਮਾ ਕੋਹਲੀ ਤੇ ਅਹਿਸਾਨੁੱਦੀਨ ਅਮਾਨੁੱਲਾ ਦੀ ਬੈਂਚ ਨੇ ਰਾਮਦੇਵ ਤੇ ਬਾਲਕ੍ਰਿਸ਼ਨ ਨੂੰ ਅਦਾਲਤ ‘ਚ ਵਿਅਕਤੀਗਤ ਹਾਜਰੀ ਤੋਂ ਵੀ ਛੋਟ ਦੇ ਦਿੱਤੀ ਹੈ। ਮਾਣਯੋਗ ਅਦਾਲਤ ਨੇ ਪਤੰਜਲੀ ਦੁਆਰਾ ਆਪਣੇ ਉਤਪਾਦਾਂ ਦੇ ਮੌਜੂਦਾ ਗੁੰਮਰਾਹਕੁੰਨ ਇਸਤਿਹਾਰਾਂ ਨੂੰ ਹਟਾਉਣ ਲਈ ਪਤੰਜਲੀ ਦੁਆਰਾ ਚੁੱਕੇ ਗਏ ਕਦਮਾਂ ਦ

ਪੰਜਾਬ ਦੇ 13 ਲੋਕ ਸਭਾ ਹਲਕਿਆਂ ਦੀ ਸਾਈਕਲ ਯਾਤਰਾ ਕਰਕੇ ਪਰਤੇ ਮਨਮੋਹਨ ਸਿੰਘ ਦਾ ਜੋਰਦਾਰ ਸੁਆਗਤ

ਸੰਗਰੂਰ 14 ਮਈ। ਲੋਕ ਸਭਾ ਚੋਣਾਂ ਨੂੰ ਮੁੱਖ ਰੱਖਦਿਆਂ ਲੋਕਾਂ ਨੂੰ ਆਪਣੇ ਵੋਟ ਦੇ ਹੱਕ ਦੀ ਲਾਜ਼ਮੀ ਤੌਰ 'ਤੇ ਵਰਤੋਂ ਕਰਨ ਲਈ ਜਾਗਰੂਕਤਾ ਹਿੱਤ ਸੰਗਰੂਰ ਤੋਂ ਰਵਾਨਾ ਹੋ ਕੇ ਪੰਜਾਬ ਦੇ ਸਾਰੇ 13 ਲੋਕ ਸਭਾ ਹਲਕਿਆਂ ਦਾ ਸਾਈਕਲ 'ਤੇ ਦੌਰਾ ਕਰਕੇ ਪਰਤੇ ਮਨਮੋਹਨ ਸਿੰਘ ਦਾ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਭਰਵਾਂ ਸੁਆਗਤ ਕੀਤਾ ਗਿਆ। ਇਸ ਮੌਕੇ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਸੰਗਰੂਰ ਜਤਿੰਦਰ ਜੋਰਵਾਲ ਨੇ ਦੱਸਿਆ ਕਿ ਲੋਕਾਂ ਨੂੰ ਵੋਟਾਂ ਦੇ ਅਧਿਕਾਰ ਦੀ ਵਰਤੋਂ ਲਈ ਉਤਸ਼ਾਹਿਤ ਕਰਨ ਲਈ ਸਾਇਕਲਿਸਟ ਮਨਮੋਹਨ ਸਿੰਘ ਦੀ ਪੂਰੇ ਪੰਜਾਬ ਦੀ ਯਾਤਰਾ ਪੂਰੀ ਉਤਸ਼ਾਹ ਜਨਕ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਹਰ ਹਲਕੇ ਵਿੱਚ ਉਨ੍ਹਾਂ ਦਾ ਸ਼ਾਨਦਾਰ ਸਵਾਗਤ ਕੀਤਾ ਗਿਆ ਅਤੇ ਉਨ੍ਹਾਂ ਦੇ ਵੋਟ ਪਾਉਣ ਦੇ ਸੁਨੇਹੇ ਨੂੰ ਅਮਲੀ ਰੂਪ ਵਿੱਚ ਲਾਗੂ ਕਰਨ ਦਾ ਭਰੋਸਾ ਵੀ ਦਿੱਤਾ ਗਿਆ। ਜ਼ਿਲ੍ਹਾ ਚੋਣ ਅਫ਼ਸਰ ਜਤਿੰਦਰ ਜੋਰਵਾਲ ਨੇ ਕਿਹਾ ਕਿ ਲੋਕਤੰਤਰ ਦੀ ਮਜ਼ਬੂਤੀ ਲਈ ਜ਼ਰੂਰੀ ਹੈ ਕਿ ਦੇਸ਼ ਦਾ ਹਰ ਨਾਗਰਿਕ ਆਪਣੇ ਵੋਟ ਦੇ ਹੱਕ ਦਾ ਸਹੀ ਇਸਤੇਮਾਲ ਕਰੇ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵੋਟਰਾਂ ਨੂੰ ਬਿਨਾ ਕਿਸੇ ਡਰ, ਦਬਾਅ, ਲਾਲਚ ਆਦਿ ਤੋਂ ਆਪਣੀ ਵੋਟ ਦੇ ਹੱਕ ਦੀ ਵਰਤੋਂ ਕਰਨ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਬਹੁਤ ਕੁਰਬਾਨੀਆਂ ਤੋਂ ਬਾਅਦ ਦੇਸ਼ ਦੇ ਨਾਗਰਿਕਾਂ ਨੂੰ ਵੋਟ

ਦੇ ਹੱਕ ਦੀ ਵਰਤੋਂ ਕਰਕੇ ਆਪਣੇ ਪ੍ਰਤੀਨਿਧ ਚੁਣਨ ਦੀ ਸ਼ਕਤੀ ਪ੍ਰਾਪਤ ਹੋਈ ਹੈ, ਇਸ ਲਈ ਹਰ ਵੋਟਰ ਦਾ ਫ਼ਰਜ਼ ਬਣਦਾ ਹੈ ਕਿ ਉਹ ਆਪਣੇ ਹੱਕ ਦੀ ਵਰਤੋਂ ਕਰੇ। ਉਨ੍ਹਾਂ ਕਿਹਾ ਕਿ ਇਸ ਵਾਰ ਸਾਡਾ ਟੀਚਾ ਹੈ ਕਿ 70 ਫ਼ੀਸਦੀ ਤੋਂ ਵਧੇਰੇ ਵੋਟਰ ਲੋਕਤੰਤਰ ਦੇ ਇਸ ਮਹਾਂ ਤਿਉਹਾਰ ਵਿੱਚ ਆਪਣੀ ਸ਼ਮੂਲੀਅਤ ਯਕੀਨੀ ਬਣਾਉਣ। ਐੱਸ. ਡੀ. ਐੱਮ. ਭਵਾਨੀਗੜ੍ਹ-ਕਮ-ਜ਼ਿਲ੍ਹਾ ਨੋਡਲ ਅਫ਼ਸਰ ਸਵੀਪ ਵਿਨੀਤ ਕੁਮਾਰ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਦੀ ਮਦਦ ਨਾਲ ਸਾਈਕਲਿਸਟ ਮਨਮੋਹਨ ਸਿੰਘ ਨੇ ਪੰਜਾਬ ਦੇ ਸਾਰੇ 13 ਲੋਕ ਸਭਾ ਹਲਕਿਆਂ ਵਿੱਚ ਪਹੁੰਚ ਕੇ ਲੋਕਾਂ ਨੂੰ ਆਪਣੇ ਵੋਟ ਦੇ ਹੱਕ ਦੀ ਵਰਤੋਂ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਦੱਸਿਆ ਕਿ ਸਵੀਪ ਗਤੀਵਿਧੀਆਂ ਤਹਿਤ ਹੋਰਨਾਂ ਵੱਖ-ਵੱਖ ਵਸੀਲਿਆਂ ਰਾਹੀਂ ਵੀ ਜ਼ਿਲ੍ਹੇ ਦੇ ਵੋਟਰਾਂ ਨੂੰ ਵੋਟ ਦਾ ਅਧਿਕਾਰ ਲਾਜ਼ਮੀ ਤੌਰ 'ਤੇ ਵਰਤਣ ਲਈ ਲਗਾਤਾਰ ਜਾਗਰੂਕ ਕੀਤਾ ਜਾ ਰਿਹਾ ਹੈ। ਇਸ ਮੌਕੇ ਸਾਈਕਲਿਸਟ ਮਨਮੋਹਨ ਸਿੰਘ ਨੇ ਸਮੁੱਚੇ ਜ਼ਿਲ੍ਹਾ ਪ੍ਰਸ਼ਾਸਨ ਦਾ ਧੰਨਵਾਦ ਕੀਤਾ, ਜਿਨ੍ਹਾਂ ਦੇ ਸਹਿਯੋਗ ਸਦਕਾ ਉਸਦਾ ਪੰਜਾਬ ਦੇ ਸਾਰੇ ਲੋਕ ਸਭਾ ਹਲਕਿਆਂ ਦਾ ਜਾਗਰੂਕਤਾ ਦੌਰਾ ਬਹੁਤ ਸੁਚੱਜੇ ਢੰਗ ਨਾਲ ਨੇਪਰੇ ਚੜ੍ਹਿਆ ਹੈ। ਉਨ੍ਹਾਂ ਕਿਹਾ ਕਿ ਸਮੁੱਚੇ ਪੰਜਾਬ ਦੇ ਵੋਟਰਾਂ ਵਿੱਚ ਵੋਟਾਂ ਨੂੰ ਲੈ ਕੇ ਪੂਰਾ ਉਤਸ਼ਾਹ ਹੈ ਅਤੇ ਇਸ ਵਾਰ ਸੂਬੇ ਦੇ ਵੋਟਰ ਯਕੀਨਨ ਤੌਰ ਉੱਪਰ ਵੋਟ ਫੀਸਦ ਦਾ ਅੰਕੜਾ 70 ਤੋਂ ਪਾਰ ਲੈ ਕੇ ਜਾਣਗੇ। ਇਸ ਮੌਕੇ ਤਹਿਸੀਲਦਾਰ ਚੋਣਾਂ ਪਰਮਜੀਤ ਕੌਰ, ਸਵੀਪ ਸੈੱਲ ਸੰਗਰੂਰ ਤੋਂ ਕੁਲਵੀਰ ਸਿੰਘ ਅਤੇ ਲੈਕਚਰਾਰ ਬਲਬੀਰ ਚੰਦ ਵੀ ਹਾਜ਼ਰ ਸਨ।

ਖੇਤਾਂ 'ਚ ਗਏ ਕਿਸਾਨ ਨਾਲ ਵਾਪਰ ਗਿਆ ਭਾਣਾ, ਨੌਜਵਾਨ ਪੁੱਤ ਦੀ ਇਸ ਹਾਲਤ 'ਚ ਲਾਸ਼ ਦੇਖ ਨਿਕਲੀਆਂ ਧਾਹਾਂ

ਦੋਦਾ 14 ਮਈ। ਪਿੰਡ ਦੋਦਾ ਦੇ ਖੇਤ 'ਚ ਕੰਮ ਕਰ ਰਹੇ ਨੌਜਵਾਨ ਕਿਸਾਨ ਦੀ ਕਰੰਟ ਲੱਗਣ ਕਾਰਨ ਮੌਤ ਹੋਣ ਦਾ ਦੁਖਦਾਈ ਸਮਾਚਾਰ ਹੈ। ਪੁਲਸ ਨੂੰ ਦਿੱਤੇ ਬਿਆਨਾਂ 'ਚ ਮ੍ਰਿਤਕ ਦੀ ਪਤਨੀ ਗਗਨਦੀਪ ਕੌਰ ਪਤਨੀ ਗੁਰਮੀਤ ਸਿੰਘ ਨੇ ਦੱਸਿਆ ਕਿ ਉਸ ਦਾ ਪਤੀ ਗੁਰਮੀਤ ਸਿੰਘ (37) ਪੁੱਤਰ ਸੁਰਜੀਤ ਸਿੰਘ ਵਾਸੀ ਦੋਦਾ, ਜੋ ਕਿ ਆਪਣੇ ਖੇਤ ਝੋਨੇ ਦੀ ਫਸਲ ਨੂੰ ਪਾਣੀ ਲਾ ਰਿਹਾ ਸੀ ਤਾਂ ਅਚਾਨਕ ਖੇਤ 'ਚ ਚੱਲ ਰਹੀ ਪਾਣੀ ਵਾਲੀ ਮੋਟਰ ਟਰਾਂਸਫਾਰਮਰ 'ਚ ਕੋਈ ਖਰਾਬੀ ਹੋਣ ਕਾਰਨ ਬੰਦ ਹੋ ਗਈ। ਇਸ ਦੌਰਾਨ

ਜਦੋਂ ਉਸ ਦਾ ਪਤੀ ਟਰਾਂਸਫਾਰਮਰ 'ਤੇ ਬਿਜਲੀ ਠੀਕ ਕਰ ਰਿਹਾ ਸੀ ਤਾਂ ਅਚਾਨਕ ਉਸ ਨੂੰ ਬਿਜਲੀ ਦਾ ਜਬਰਦਸਤ ਕਰੰਟ ਲੱਗ ਗਿਆ, ਜਿਸ ਨੂੰ ਤਰੁੰਤ ਨੇੜੇ ਖੇਤਾਂ 'ਚ ਕੰਮ ਕਰ ਰਹੇ ਕਿਸਾਨਾਂ ਨੇ ਚੱਕ ਕੇ ਦੋਦਾ ਸਿਵਲ ਹਸਪਤਾਲ ਲਿਜਾਇਆ, ਜਿਥੋਂ ਉਸ ਨੂੰ ਇਲਾਜ ਲਈ ਬਠਿੰਡਾ ਰੈਫਰ ਕਰ ਦਿੱਤਾ ਗਿਆ। ਬਠਿੰਡਾ ਤੋਂ ਡਾਕਟਰਾਂ ਵੱਲੋਂ ਗੁਰਮੀਤ ਸਿੰਘ ਦੀ ਨਾਜ਼ੁਕ ਹਾਲਤ ਨੂੰ ਵੇਖਦੇ ਹੋਏ ਇਲਾਜ ਲਈ ਅੱਗੇ ਲੁਧਿਆਣਾ ਰੈਫਰ ਕਰ ਦਿੱਤਾ, ਜਿਥੇ ਡਾਕਟਰਾਂ ਨੇ ਚੈੱਕਅਪ ਕਰਨ ਉਪਰੰਤ ਗੁਰਮੀਤ ਸਿੰਘ ਨੂੰ ਮ੍ਰਿਤਕ ਐਲਾਨ ਕਰ ਦਿੱਤਾ। ਇਸ ਘਟਨਾ ਦਾ ਪਤਾ ਲੱਗਦਿਆਂ ਹੀ ਸਬੰਧਤ ਦੋਦਾ ਪੁਲਸ ਚੌਕੀ ਦੇ ਮੁਲਾਜਮਾਂ ਵੱਲੋਂ ਮੌਕੇ 'ਤੇ ਪਹੁੰਚ ਕੇ ਲਾਸ਼ ਨੂੰ ਆਪਣੇ ਕਬਜੇ 'ਚ ਲੈ ਲਿਆ ਅਤੇ 174 ਦੀ ਕਾਰਵਾਈ ਕਰਦਿਆਂ ਪੋਸਟਮਾਰਟ ਤੋਂ ਬਾਅਦ ਸਸਕਾਰ ਲਈ ਲਾਸ਼ ਵਾਰਿਸਾਂ ਹਵਾਲੇ ਕਰ ਦਿੱਤੀ। ਗੁਰਮੀਤ ਸਿੰਘ ਦੀ ਮੌਤ ਦੀ ਖਬਰ ਸੁਣਦੇ ਹੀ ਪਿੰਡ 'ਚ ਸੋਗ ਦੀ ਲਹਿਰ ਫੈਲ ਗਈ।

ਵਿਦੇਸੀ ਮੁਦਰਾ ਭੰਡਾਰ 3.66 ਅਰਬ ਡਾਲਰ ਵਧ ਕੇ ਹੋਇਆ 641.59 ਅਰਬ ਡਾਲਰ : ਰਿਜਰਵ ਬੈਂਕ

ਮੁੰਬਈ 14 ਮਈ। ਪਿਛਲੇ ਤਿੰਨ ਹਫਤਿਆਂ ਦੀ ਗਿਰਾਵਟ ਤੋਂ ਬਾਅਦ ਦੇਸ਼ ਦੇ ਵਿਦੇਸ਼ੀ ਮੁਦਰਾ ਭੰਡਾਰ ਤਿੰਨ ਮਈ ਨੂੰ ਖਤਮ ਹੋਏ ਹਫਤੇ ਵਿਚ 3.67 ਅਰਬ ਡਾਲਰ ਵੱਧ ਕੇ 641.59 ਅਰਬ ਡਾਲਰ ਹੋ ਗਿਆ। ਭਾਰਤੀ ਰਿਜਰਵ ਬੈਂਕ ਨੇ ਸ਼ੁੱਕਰਵਾਰ ਨੂੰ ਇਸ ਸਬੰਧੀ ਇਹ ਜਾਣਕਾਰੀ ਦਿੱਤੀ ਹੈ। ਇਸ ਤੋਂ ਪਹਿਲਾਂ 26 ਅਪ੍ਰੈਲ ਨੂੰ ਖਤਮ ਹੋਏ ਹਫਤੇ ਵਿਚ ਦੇਸ਼ ਦਾ ਵਿਦੇਸ਼ੀ ਮੁਦਰਾ ਭੰਡਾਰ 2.41 ਅਰਬ ਡਾਲਰ ਤੋਂ ਘੱਟ ਕੇ 637.92 ਅਰਬ ਡਾਲਰ ਰਹਿ ਗਿਆ ਸੀ। ਇਹ ਕਈ ਹਫਤਿਆਂ ਦੀ ਤੇਜੀ ਤੋਂ ਬਾਅਦ 5 ਅਪ੍ਰੈਲ ਨੂੰ ਖਤਮ ਹਫਤੇ ਵਿਚ 648.56 ਅਰਬ ਡਾਲਰ ਦੇ ਨਵੇਂ ਸਰਵਕਾਲੀ ਉੱਚ ਪੱਧਰ 'ਤੇ ਪਹੁੰਚ ਗਿਆ ਸੀ। ਰਿਜਰਵ ਬੈਂਕ ਦੇ ਅੰਕੜਿਆਂ ਮੁਤਾਬਕ ਤਿੰਨ ਮਈ ਨੂੰ ਖਤਮ ਹੋਏ ਹਫਤੇ ਵਿਚ ਮੁਦਰਾ ਭੰਡਾਰ ਦਾ ਹਿੱਸਾ ਮੰਨੀ ਜਾਣ

ਵਾਲੀ ਵਿਦੇਸ਼ੀ ਮੁਦਰਾ ਜਾਇਦਾਦ 4.46 ਅਰਬ ਡਾਲਰ ਤੋਂ ਵੱਧ ਕੇ 564.16 ਅਰਬ ਡਾਲਰ ਰਹੀ। ਡਾਲਰ ਦੇ ਰੂਪ ਵਿੱਚ ਵਿਦੇਸੀ ਮੁਦਰਾ ਸੰਪਤੀਆਂ ਵਿੱਚ ਵਿਦੇਸੀ ਮੁਦਰਾ ਭੰਡਾਰ ਵਿੱਚ ਰੱਖੇ ਯੂਰੋ, ਪੌਂਡ ਅਤੇ ਯੇਨ ਵਰਗੀਆਂ ਗੈਰ-ਯੂਐੱਸ ਮੁਦਰਾਵਾਂ ਵਿੱਚ ਅੰਦੋਲਨ ਦਾ ਪ੍ਰਭਾਵ ਸਾਮਲ ਹੁੰਦਾ ਹੈ। ਰਿਜਰਵ ਬੈਂਕ ਨੇ ਕਿਹਾ ਕਿ ਸਮੀਖਿਆ ਅਧੀਨ ਹਫਤੇ ਦੌਰਾਨ ਸੋਨੇ ਦੇ ਭੰਡਾਰ ਦਾ ਮੁੱਲ 65.3 ਕਰੋੜ ਡਾਲਰ ਘੱਟ ਕੇ 54.88 ਅਰਬ ਡਾਲਰ ਰਹਿ ਗਿਆ। ਰਿਜਰਵ ਬੈਂਕ ਨੇ ਕਿਹਾ ਕਿ ਵਿਸੇਸ ਡਰਾਇੰਗ ਰਾਈਟਸ (ਐੱਸਡੀਆਰ) 20 ਲੱਖ ਡਾਲਰ ਵਧ ਕੇ 18.05 ਅਰਬ ਡਾਲਰ ਹੋ ਗਿਆ ਹੈ। ਰਿਜਰਵ ਬੈਂਕ ਅਨੁਸਾਰ, ਸਮੀਖਿਆ ਅਧੀਨ ਹਫਤੇ ਵਿੱਚ ਅੰਤਰਰਾਸਟਰੀ ਮੁਦਰਾ ਫੰਡ (ਆਈਐੱਮਐੱਫ) ਕੋਲ ਭਾਰਤ ਦਾ ਰਿਜਰਵ ਜਮ੍ਹਾਂ 14 ਕਰੋੜ ਡਾਲਰ ਘੱਟ ਕੇ 4.49 ਅਰਬ ਡਾਲਰ ਰਹਿ ਗਿਆ।

2008 ਤੋਂ ਬਾਅਦ ਹੈਰੀਟੇਜ ਕਲੱਬ ਦੀਆਂ ਨਹੀਂ ਹੋਈਆਂ ਚੋਣਾਂ, ਹਾਈਕੋਰਟ ਦੇ ਵਕੀਲ ਨੇ ਜਾਰੀ ਕੀਤਾ ਨੋਟਿਸ

ਅੰਮ੍ਰਿਤਸਰ 14 ਮਈ। ਜ਼ਿਲ੍ਹਾ ਪ੍ਰਸ਼ਾਸਨ ਹੈਰੀਟੇਜ ਕਲੱਬ ਦੀਆਂ ਚੋਣਾਂ ਕਰਵਾਉਣ ਵਿਚ ਨਾਕਾਮ ਸਾਬਿਤ ਹੋ ਰਿਹਾ ਹੈ। ਪ੍ਰਸ਼ਾਸਨ ਦੀ ਕੀ ਮਜਬੂਰੀ ਹੈ ਜੋ ਕਿ ਮਾਮਲਾ ਮੁੱਖ ਮੰਤਰੀ ਦੇ ਦਰਬਾਰ ਤੱਕ ਪੁੱਜਣ ਦੇ ਬਾਵਜੂਦ ਪਿਛਲੇ 16 ਸਾਲਾਂ ਤੋਂ 1500 ਤੋਂ ਵੱਧ ਕਲੱਬ ਮੈਂਬਰਾਂ ਵੱਲੋਂ ਕੀਤੀ ਗਈ ਚੋਣ ਦੀ ਮੰਗ ਨੂੰ ਲਗਾਤਾਰ ਦਬਾਇਆ ਜਾ ਰਿਹਾ ਹੈ। ਅਜਿਹਾ ਨਹੀਂ ਹੈ ਕਿ ਜ਼ਿਲ੍ਹਾ ਪ੍ਰਸ਼ਾਸਨ ਕਲੱਬ ਦੀਆਂ ਚੋਣਾਂ ਨੂੰ ਲੈ ਕੇ ਗੰਭੀਰ ਨਹੀਂ ਜਾਪਦਾ, ਸਗੋਂ ਅਜਿਹਾ ਵੀ ਲੱਗਦਾ ਹੈ ਕਿ ਕਲੱਬ ਵਿਚ ਬੈਠੇ ਕੁਝ ਅਥਾਰਟੀ ਵੀ ਹਨ ਜੋ ਪ੍ਰਸ਼ਾਸਨ ਨੂੰ ਆਪਣੇ ਤਰੀਕੇ ਨਾਲ ਚਲਾ ਰਹੇ ਹਨ। ਪਿਛਲੇ ਕਈ ਸਾਲਾਂ ਤੋਂ ਜਦੋਂ ਵੀ ਕਲੱਬ ਮੈਂਬਰ ਇਕੱਠੇ ਹੋ ਕੇ ਚੋਣਾਂ ਕਰਵਾਉਣ ਦੀ ਮੰਗ ਉਠਾਉਂਦੇ ਹਨ ਤਾਂ ਜ਼ਿਲ੍ਹਾ ਪ੍ਰਸ਼ਾਸਨ ਇਸ 'ਤੇ ਲੰਮੀ ਤਰੀਕ ਪਾ ਕੇ ਇਸ ਨੂੰ ਟਾਲਮਟੋਲ ਕਰ ਦਿੰਦਾ ਹੈ। ਜਿੱਥੇ ਕਲੱਬ ਮੈਂਬਰ ਪਿਛਲੇ ਇਕ ਦਹਾਕੇ ਤੋਂ ਸਿਆਸਤ ਦਾ ਸ਼ਿਕਾਰ ਹੋ ਰਹੇ ਹਨ, ਉਥੇ ਹੀ ਉਹ ਪ੍ਰਸ਼ਾਸਨ ਵੱਲੋਂ ਠੱਗੇ ਹੋਏ ਮਹਿਸੂਸ ਕਰ ਰਹੇ ਹਨ। 30 ਨਵੰਬਰ 2023 ਨੂੰ ਜ਼ਿਲ੍ਹਾ ਮੈਜਿਸਟ੍ਰੇਟ ਘਣਸ਼ਿਆਮ ਥੋਰੀ ਨੇ ਹੈਰੀਟੇਜ ਕਲੱਬ ਦਾ ਦੌਰਾ ਕੀਤਾ ਅਤੇ ਉਨ੍ਹਾਂ ਦੇ ਅਧਿਕਾਰੀਆਂ ਨਾਲ ਵਿਸੇਸ ਮੀਟਿੰਗ ਕਰ ਕੇ ਚੋਣਾਂ ਦਾ ਐਲਾਨ ਕੀਤਾ, ਜਿਸ 'ਚ ਕਲੱਬ ਮੈਂਬਰਾਂ ਦੀ ਵੋਟਰ ਸੂਚੀ 5 ਜਨਵਰੀ 2023 ਤੱਕ ਤਿਆਰ ਕਰਨ ਉਪਰੰਤ ਕਲੱਬ ਦੀਆਂ ਚੋਣਾਂ ਕਰਵਾਈਆਂ ਜਾਣਗੀਆਂ। 15 ਦਿਨ ਬੀਤ ਜਾਣ ਦੇ ਨਿਰਦੇਸ ਦਿੱਤੇ ਗਏ ਸਨ, ਇਸ ਦੇ ਬਾਵਜੂਦ ਤਿੰਨ ਮਹੀਨੇ ਬੀਤ ਜਾਣ ਦੇ ਬਾਵਜੂਦ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਨਾ ਤਾਂ ਮੈਂਬਰਾਂ ਦੀ ਸੂਚੀ ਤਿਆਰ ਕੀਤੀ ਗਈ ਹੈ ਅਤੇ ਨਾ ਹੀ ਚੋਣਾਂ ਸਬੰਧੀ ਕੋਈ ਐਲਾਨ ਕੀਤਾ

ਗਿਆ ਹੈ। ਕਲੱਬ ਮੈਂਬਰ ਚੋਣਾਂ ਨੂੰ ਲੈ ਕੇ ਜ਼ਿਲ੍ਹਾ ਪ੍ਰਸ਼ਾਸਨ ਕੋਲ ਚੱਕਰ ਲਾ ਕੇ ਥੱਕ ਚੁੱਕੇ ਹਨ। ਹੁਣ ਉਹ ਇਸ ਮਾਮਲੇ ਨੂੰ ਹਾਈਕੋਰਟ ਲਿਜਾਣ ਦੀ ਤਿਆਰੀ ਕਰ ਰਹੇ ਹਨ। ਹਾਲ ਹੀ ਵਿਚ ਹਾਈਕੋਰਟ ਦੇ ਐਡਵੋਕੇਟ ਨੇ ਜ਼ਿਲ੍ਹਾ ਪ੍ਰਸ਼ਾਸਨ ਨੂੰ 30 ਮਈ ਤੱਕ ਚੋਣਾਂ ਕਰਵਾਉਣ ਦਾ ਨੋਟਿਸ ਜਾਰੀ ਕੀਤਾ ਹੈ ਅਤੇ ਜੇਕਰ ਪ੍ਰਸ਼ਾਸਨ ਨੇ ਇਸ 'ਤੇ ਬਣਦੀ ਕਾਰਵਾਈ ਨਾ ਕੀਤੀ ਤਾਂ ਕਲੱਬ ਮੈਂਬਰਾਂ ਕੋਲ ਹਾਈਕੋਰਟ ਵਿਚ ਰਿੱਟ ਦਾਇਰ ਕਰਨ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਰਹੇਗਾ। ਇਹ ਜਾਣਕਾਰੀ ਕਲੱਬ ਦੇ ਫਾਊਂਡਰ ਮੈਂਬਰ ਸੰਜੀਵ ਪੁਰੀ ਨੇ ਦਿੱਤੀ। ਉਨ੍ਹਾਂ ਕਿਹਾ ਕਿ ਹੈਰੀਟੇਜ ਕਲੱਬ ਦੀਆਂ ਚੋਣਾਂ 'ਤੇ ਚੋਣ ਜਾਬਤਾ ਲਾਗੂ ਨਹੀਂ ਹੁੰਦਾ। ਜੇਕਰ ਪ੍ਰਸ਼ਾਸਨ ਇਸ ਚੋਣ ਨੂੰ ਚੋਣ ਜਾਬਤੇ ਦੇ ਦਾਇਰੇ ਵਿਚ ਲਿਆ ਰਿਹਾ ਹੈ ਤਾਂ ਉਸ ਨੂੰ ਕਲੱਬ ਦੇ 1500ਮੈਂਬਰਾਂ ਨੂੰ ਘੱਟੋ-ਘੱਟ ਚੋਣਾਂ ਕਰਵਾਉਣ ਲਈ ਇਕ ਨਿਸਚਿਤ ਤਰੀਕ ਦੇਣੀ ਪਵੇਗੀ। ਪਿਛਲੀ ਵਾਰ ਹੈਰੀਟੇਜ ਕਲੱਬ ਦੀਆਂ ਚੋਣਾਂ 2008 ਵਿਚ ਹੋਈਆਂ ਸਨ ਪਰ 16 ਸਾਲ ਬੀਤ ਜਾਣ ਦੇ ਬਾਵਜੂਦ ਕਲੱਬ ਦੀਆਂ ਚੋਣਾਂ ਨਹੀਂ ਕਰਵਾਈਆਂ ਗਈਆਂ ਸਨ ਜਦਕਿ ਇਹ ਜ਼ਿਮੇਵਾਰੀ ਜ਼ਿਲ੍ਹਾ ਪ੍ਰਸ਼ਾਸਨ ਦੀ ਸੀ। ਇੰਨਾ ਹੀ ਨਹੀਂ ਜ਼ਿਲ੍ਹਾ ਪ੍ਰਸ਼ਾਸਨ ਹੁਣ ਤੱਕ ਪੁਰਾਣੀ ਬਾਡੀ ਨੂੰ ਭੰਗ ਨਹੀਂ ਕਰ ਸਕਿਆ ਹੈ।

ਰੇਲ ਗੱਡੀ ਹੇਠਾਂ ਆ ਕੇ ਵਿਅਕਤੀ ਦੀ ਮੌਤ

ਖਰੜ 14 ਮਈ। ਖਰੜ-ਮੋਹਾਲੀ ਰੇਲਵੇ ਲਾਈਨ 'ਤੇ ਰੇਲਗੱਡੀ ਹੇਠਾਂ ਆ ਕੇ ਇੱਕ ਵਿਅਕਤੀ ਦੀ ਮੌਤ ਹੋ ਗਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਰੇਲਵੇ ਪੁਲਸ ਚੌਕੀ ਦੇ ਇੰਚਾਰਜ ਸਤਪਾਲ ਸਿੰਘ ਨੇ ਦੱਸਿਆ ਹੈ ਕਿ ਰੇਲਵੇ ਪੁਲਸ ਨੂੰ ਸੂਚਨਾ ਮਿਲੀ ਸੀ ਕਿ ਪਿੰਡ ਜਗਤਪੁਰਾ ਦੇ ਨੇੜੇ ਰੇਲਵੇ ਲਾਈਨ 'ਤੇ ਇੱਕ ਲਾਸ਼ ਪਈ ਹੈ। ਪੁਲਸ ਨੇ ਮੌਕੇ 'ਤੇ ਜਾ ਕੇ ਲਾਸ਼ ਕਬਜੇ ਵਿੱਚ ਲੈ ਲਈ। ਉਨ੍ਹਾਂ ਦੱਸਿਆ ਕਿ ਮ੍ਰਿਤਕ ਦੇ ਸਫੈਦ ਰੰਗ ਦੀ ਟੀ-ਸਰਟ ਅਤੇ ਪੀਲੀ ਲੋਅਰ ਪਾਈ ਹੋਈ ਸੀ। ਮ੍ਰਿਤਕ ਦੀ ਖੱਬੀ ਬਾਂਹ 'ਤੇ ਤ੍ਰਿਸ਼ੂਲ ਦਾ ਨਿਸਾਨ ਬਣਿਆ ਹੋਇਆ ਹੈ ਅਤੇ ਉਸ ਦੇ ਹੱਥ 'ਤੇ ਅੰਗਰੇਜੀ ਦਾ ਪੀ ਸਬਦ ਵੀ ਲਿਖਿਆ ਹੋਇਆ ਹੈ। ਸਨਾਖਤ ਲਈ ਲਾਸ 72 ਘੰਟੇ ਲਈ ਸਿਵਲ ਹਸਪਤਾਲ ਰਖਵਾਈ ਗਈ ਹੈ। ਪੁਲਸ ਨੇ ਧਾਰਾ-174 ਅਧੀਨ ਕਾਰਵਾਈ ਕੀਤੀ ਹੈ।

ਕਪੂਰਥਲਾ ਦੀ ਮਾਡਰਨ ਜੇਲ੍ਹ 'ਚ ਅੱਗ ਬਾਲਣ ਤੋਂ ਰੋਕਣ ਨੂੰ ਲੈ ਕੇ ਹੋਇਆ ਵਿਵਾਦ

ਕਪੂਰਥਲਾ 14 ਮਈ। ਕਪੂਰਥਲਾ ਮਾਡਰਨ ਜੇਲ੍ਹ ਦੇ ਹਸਪਤਾਲ ਦੇ ਟੀ. ਬੀ. ਵਾਰਡ ਵਿਚ ਤਾਇਨਾਤ ਨਿਗਰਾਨ ਕੈਦੀ 'ਤੇ ਦੋ ਹਵਾਲਾਤੀਆਂ ਨੇ ਲੋਹੇ ਦੀ ਤਿੱਖੀ ਚੀਜ ਨਾਲ ਹਮਲਾ ਕਰਕੇ ਗੰਭੀਰ ਜਖਮੀ ਕਰ ਦਿੱਤਾ, ਜਿਸ ਨੂੰ ਇਲਾਜ ਲਈ ਸਿਵਲ ਹਸਪਤਾਲ ਦਾਖਲ ਕਰਵਾਇਆ ਗਿਆ। ਦੱਸਿਆ ਜਾ ਰਿਹਾ ਹੈ ਕਿ ਮੁਲਜਮ ਹਵਾਲਾਤੀਆਂ ਨੂੰ ਅੱਗ ਬਾਲਣ ਤੋਂ ਰੋਕਣ ਤੋਂ ਬਾਅਦ ਇਹ ਹਮਲਾ ਕੀਤਾ ਗਿਆ। ਇਸ ਦੀ ਪੁਸ਼ਟੀ ਕਰਦਿਆਂ ਸਹਾਇਕ ਜੇਲ੍ਹ ਸੁਪਰਡੈਂਟ ਕਮਲਜੀਤ ਸਿੰਘ ਨੇ ਦੱਸਿਆ ਕਿ ਜਖਮੀ ਕੈਦੀ ਨੂੰ ਸਿਵਲ ਹਸਪਤਾਲ 'ਚ ਇਲਾਜ ਤੋਂ ਬਾਅਦ ਵਾਪਸ ਜੇਲ੍ਹ ਭੇਜ ਦਿੱਤਾ ਗਿਆ ਹੈ। ਦੂਜੇ ਪਾਸੇ ਜਾਂਚ ਅਧਿਕਾਰੀ ਏ. ਐੱਸ. ਆਈ. ਬਲਵੰਤ ਸਿੰਘ ਨੇ ਦੱਸਿਆ ਕਿ ਥਾਣਾ ਕੋਤਵਾਲੀ 'ਚ ਜਖਮੀ ਨਿਗਰਾਨ ਕੈਦੀ ਦੇ ਬਿਆਨਾਂ 'ਤੇ ਥਾਣਾ ਕੋਤਵਾਲੀ 'ਚ ਦੋ ਕੈਦੀਆਂ ਖ਼ਿਲਾਫ ਪਰਚਾ ਦਰਜ ਕਰ ਲਿਆ ਗਿਆ ਹੈ। ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਅਜੈ ਕੁਮਾਰ ਵਾਸੀ ਨਿਊ

ਫਾਜਿਲਕਾ ਦੀ ਸਰਹੱਦ ’ਤੇ ਡਰੋਨ ਦਾ ਸ਼ੱਕ, ਇਲਾਕੇ ’ਚ ਚਲਾਈ ਸਰਚ ਮੁਹਿੰਮ

ਫਾਜ਼ਿਲਕਾ 14 ਮਈ। ਫਾਜ਼ਿਲਕਾ ਸੈਕਟਰ ’ਚ ਬੀਤੀ ਦੇਰ ਰਾਤ ਮੌਜਮ ਫਾਰਵਰਡ ’ਤੇ ਬਲਿੰਕਿੰਗ ਲਾਈਟਾਂ ਦਿਖਾਈ ਦਿੱਤੀਆਂ। ਜਿਥੇ ਡਰੋਨ ਦੀ ਹਰਕਤ ਦਾ ਸ਼ੱਕ ਹੋਣ ’ਤੇ ਬੀ. ਐੱਸ. ਐੱਫ. ਦੇ ਜਵਾਨਾਂ ਵੱਲੋਂ ਫਾਇਰਿੰਗ ਕੀਤੀ ਗਈ। ਡਰੋਨ ਹੋਣ ਦੇ ਸ਼ੱਕ ਬਾਰੇ ਬੀ. ਐੱਸ. ਐੱਫ ਦੇ ਅਧਿਕਾਰੀਆਂ ਵੱਲੋਂ ਪੁਲਸ ਨੂੰ ਸੂਚਿਤ ਕੀਤਾ ਗਿਆ। ਇਸ ਤੋਂ ਬਾਅਦ ਇਲਾਕੇ ਵਿਚ ਸਰਚ ਮੁਹਿੰਮ ਚਲਾਈ ਜਾ ਰਹੀ ਹੈ। ਇਸ ਮਾਮਲੇ ਦੇ ਸਬੰਧ ਵਿਚ ਡੀ. ਐੱਸ. ਪੀ. ਸ਼ੁਬੇਗ ਸਿੰਘ ਨੇ ਦੱਸਿਆ ਕਿ ਫਾਜ਼ਿਲਕਾ ਸੈਕਟਰ ਦੇ ਮੌਜਮ ਫਾਰਵਰਡ ’ਤੇ ਬੀਤੀ ਰਾਤ ਬਲਿੰਕਿੰਗ ਲਾਈਟਾਂ ਦਾ ਸ਼ੱਕ ਹੋਣ ’ਤੇ ਬੀ. ਐੱਸ. ਐੱਫ. ਦੇ ਜਵਾਨਾਂ ਵੱਲੋਂ ਫਾਇਰ ਕੀਤੇ ਗਏ। ਇਹ ਬਲਿੰਕਿੰਗ ਲਾਈਟਾਂ ਪਾਕਿਸਤਾਨ ਪੁਲਸ ਨੂੰ ਸੂਚਿਤ ਕੀਤਾ ਗਿਆ। ਇਸ ਤੋਂ ਬਾਅਦ ਇਲਾਕੇ ਵਿਚ ਸਰਚ ਮੁਹਿੰਮ ਚਲਾਈ ਜਾ ਰਹੀ ਹੈ। ਇਸ ਮਾਮਲੇ ਦੇ ਸਬੰਧ ਵਿਚ ਡੀ. ਐੱਸ. ਪੀ. ਵਾਲੇ ਪਾਸੇ ਪਰਤ ਗਈਆਂ। ਉਨ੍ਹਾਂ ਨੇ ਦੱਸਿਆ ਕਿ ਇਲਾਕੇ ’ਚ ਡਰੋਨ ਦੀ ਸ਼ੱਕੀ ਹਰਕਤ ਹੋਣ ਕਾਰਨ ਸਰਹੱਦੀ ਖੇਤਰ ’ਚ ਪੁਲਸ ਵੱਲੋਂ ਸਰਚ ਮੁਹਿੰਮ ਚਲਾਈ ਗਈ ਪਰ ਅਜੇ ਤੱਕ ਕੁਝ ਵੀ ਬਰਾਮਦ ਨਹੀਂ ਹੋਇਆ।

2 ਸਾਲਾ ਬੱਚੀ ਨਾਲ ਜਾ ਰਹੇ ਨੌਜਵਾਨ ਨੂੰ ਰੋਡਵੇਜ ਦੀ ਬੱਸ ਨੇ ਮਾਰੀ ਟੱਕਰ

ਮੋਗਾ 14 ਮਈ। ਪੰਜਾਬ ਰੋਡਵੇਜ ਦੀ ਬੱਸ ਨੇ ਐਕਟਿਵਾ ‘ਤੇ ਆਪਣੀ 2 ਸਾਲਾ ਧੀ ਨਾਲ ਜਾ ਰਹੇ ਨੌਜਵਾਨ ਨੂੰ ਫੇਟ ਮਾਰ ਦਿੱਤੀ। ਇਸ ਦਰਦਨਾਕ ਹਾਦਸੇ ਵਿਚ ਐਕਟਿਵਾ ਸਵਾਰ ਦੀ ਮੌਕੇ ‘ਤੇ ਹੀ ਮੌਤ ਹੋ ਗਈ, ਜਦਕਿ ਬੱਚੀ ਵਾਲ-ਵਾਲ ਬੱਚ ਗਈ। ਜਾਣਕਾਰੀ ਮੁਤਾਬਕ ਮੋਗਾ ਦੀ ਬਸਤੀ ਗੋਬਿੰਦਗੜ੍ਹ ਦਾ ਰਹਿਣ ਵਾਲਾ ਵੀਰ ਸੈਣੀ (37) ਪੁੱਤਰ ਸਾਧੂ ਰਾਮ ਆਪਣੀ 2 ਸਾਲਾ ਧੀ ਨਾਲ ਐਕਟਿਵਾ ‘ਤੇ ਜਾ ਰਿਹਾ ਸੀ। ਇਸ ਦੌਰਾਨ ਅੰਮ੍ਰਿਤਸਰ ਰੋਡ ‘ਤੇ ਪੰਜਾਬ ਰੋਡਵੇਜ ਦੀ ਬੱਸ ਨੇ ਉਨ੍ਹਾਂ ਨੂੰ ਟੱਕਰ ਮਾਰ ਦਿੱਤੀ। ਟੱਕਰ ਇੰਨੀ ਜਬਰਦਸਤ ਸੀ ਕਿ ਵੀਰ ਸੈਣੀ ਦੀ ਮੌਕੇ ‘ਤੇ ਹੀ ਮੌਤ ਹੋ ਗਈ। ਘਟਨਾ ਦੀ ਸੂਚਨਾ ਮਿਲਦਿਆਂ ਹੀ ਪੁਲਸ ਮੌਕੇ ‘ਤੇ ਪਹੁੰਚੀ ਅਤੇ ਲਾਸ਼ ਨੂੰ ਕਬਜੇ ਵਿਚ ਲੈ ਕੇ ਪੋਸਟਮਾਰਟਮ ਲਈ ਸਿਵਲ ਹਸਪਤਾਲ ਪਹੁੰਚਾ ਦਿੱਤਾ।

ਚਰਨਜੀਵ ਮਲਹੋਤਰਾ ਭਾਜਪਾ ਦੇ ਸੰਸਦ ਮੈਂਬਰ ਮਨੋਜ ਤਿਵਾਰੀ ਦੇ ਸਮਰਥਨ ‘ਚ ਸਾਹਮਣੇ ਆਏ ਹਨ

ਨਵੀਂ ਦਿੱਲੀ। ਭਾਰਤੀ ਜਨਤਾ ਪਾਰਟੀ ਦੇ ਸੰਸਦ ਮੈਂਬਰ ਮਨੋਜ ਤਿਵਾਰੀ ਉੱਤਰ ਪੂਰਬੀ ਦਿੱਲੀ ਲੋਕ ਸਭਾ ਸੀਟ ਤੋਂ ਚੋਣ ਲੜ ਰਹੇ ਹਨ। ਜਿਸ ਵਿੱਚ ਅਖਿਲ ਭਾਰਤੀ ਖੱਤਰੀ ਯੁਵਾ ਮਹਾਸਭਾ ਨੇ ਭਾਜਪਾ ਦੇ ਸਮਰਥਨ ਵਿੱਚ ਇੱਕਜੁੱਟ ਹੋ ਕੇ ਭਾਜਪਾ ਨੂੰ ਸਨਮਾਨ ਦਿੱਤਾ ਹੈ। ਭਾਰਤੀ ਜਨਤਾ ਪਾਰਟੀ ਦੀ ਸਰਕਾਰ ਦੀ ਤਰਫੋਂ, 2019 ਧਾਰਾ 370 ਨੂੰ ਹਟਾ ਦਿੱਤਾ ਗਿਆ ਸੀ। ਰਾਮ-ਮੰਦਰ ਦਾ ਮਸਲਾ ਸੁਲਝਾਇਆ, ਪ੍ਰਾਣ ਪ੍ਰਤੀਸਠਾ ਕਰਵਾਈ, ਜੋ ਰਾਸਟਰਵਾਦ ਨੂੰ ਮਜਬੂਤ ਕਰਨ ਲਈ ਉਨ੍ਹਾਂ ਨੇ ਨਰਿੰਦਰ ਮੋਦੀ ਨਾਲ ਮਿਲ ਕੇ ਦੇਸ ਲਈ ਕੀਤਾ, ਅਖਿਲ ਭਾਰਤੀ ਖੱਤਰੀ ਯੁਵਾ ਮਹਾਸਭਾ ਦੇ ਦਸ ਲੱਖ ਤੋਂ ਵੱਧ ਮੈਂਬਰ ਹਨ ਜੋ ਮੋਦੀ ਜੀ ਲਈ ਕੰਮ ਕਰਨਗੇ। ਦੇਸ ਵਿਰੁੱਧ ਬੋਲਣ ਵਾਲੀਆਂ ਦਾਨਵ ਸਕਤੀਆਂ ਭਾਰਤ ਨੂੰ ਕਈ ਟੁਕੜਿਆਂ ਵਿੱਚ ਵੰਡਣਗੀਆਂ। ਅਖਿਲ ਭਾਰਤੀ ਖੱਤਰੀ ਯੁਵਾ ਮਹਾਸਭਾ ਵੱਖਵਾਦੀਆਂ ਨੂੰ ਜਿੱਤਣ ਨਹੀਂ ਦੇਵੇਗੀ। ਪੰਜਾਬੀ ਸਮਾਜ ਇੱਕ ਅਜਿਹਾ ਸਮਾਜ ਹੈ ਜਿਸ ਨੇ 1947 ਦੀ ਵੰਡ ਤੋਂ ਬਾਅਦ ਸਾਡੇ ਕੋਲ ਕੁਝ ਨਹੀਂ ਸੀ ਛੱਡਿਆ ਅਤੇ ਇੱਥੇ ਆ ਕੇ ਅਸੀਂ ਮਿਹਨਤ ਨਾਲ ਆਪਣੇ ਕਾਰੋਬਾਰ ਨੂੰ ਮਜਬੂਤ ਕੀਤਾ ਹੈ। ਮਨੋਜ ਤਿਵਾੜੀ ਨੂੰ ਤੀਸਰੀ ਵਾਰ ਜਿਤਾਉਣ ਦੇ ਸਮਰਥਨ ‘ਚ ਆਏ ਹਨ, ਦਿੱਲੀ ਲੋਕ ਸਭਾ ‘ਚ ਕੰਮ ਕਰਨਗੇ, ਉਨ੍ਹਾਂ ਨੂੰ ਸੱਤਾਂ ਲੋਕ ਸਭਾਵਾਂ ‘ਚ ਜੇਤੂ ਬਣਾਉਣਗੇ। ਉੱਘੇ ਸਮਾਜ ਸੇਵਕ ਅਤੇ ਗਊ ਰੱਖਿਆ ਅਤੇ ਕੋਰੋਨਾ ਯੋਧੇ, ਰਾਸਟਰੀ ਸਰਪ੍ਰਸਤ ਚਰਨਜੀਵ ਮਲਹੋਤਰਾ ਨੇ ਕਿਹਾ ਕਿ 2008 ‘ਚ ਹੱਦਬੰਦੀ ਤੋਂ ਬਾਅਦ ਹੋਂਦ ‘ਚ ਆਈ ਸੀਟ ‘ਤੇ ਪਹਿਲੀ ਵਾਰ ਜੇਪੀ ਅਗਰਵਾਲ ਕਾਂਗਰਸ

ਤੋਂ ਜਿੱਤੇ ਸਨ, ਪਰ ਉਦੋਂ ਤੋਂ ਹੀ ਭੋਜਪੁਰੀ ਅਦਾਕਾਰ ਮਨੋਜ ਭਾਰਤੀ ਜਨਤਾ ‘ਤੇ ਜਿੱਤ ਗਏ ਸਨ। ਪਾਰਟੀ ਦੀ ਟਿਕਟ ‘ਤੇ ਕਾਂਗਰਸ ਦੇ ਇਸ ਗੜ੍ਹ ਨੂੰ ਤੋੜਨ ‘ਚ ਕਾਮਯਾਬ ਰਹੇ ਅਤੇ ਉਨ੍ਹਾਂ ਕਿਹਾ ਕਿ ਦਿੱਲੀ ਪੂਰਬੀ ‘ਚ ਉੱਤਰ ਪ੍ਰਦੇਸ ਅਤੇ ਬਿਹਾਰ ਦੇ ਵੋਟਰਾਂ ਦਾ ਦਬਦਬਾ ਹੈ। 2019 ਦੀਆਂ ਲੋਕ ਸਭਾ ਚੋਣਾਂ ਵਿੱਚ ਮਨੋਜ ਤਿਵਾਰੀ ਨੇ ਕਾਂਗਰਸ ਉਮੀਦਵਾਰ ਅਤੇ ਸਾਬਕਾ ਮੁੱਖ ਮੰਤਰੀ ਸੀਲਾ ਦੀਕਸਤ ਨੂੰ ਹਰਾਇਆ ਸੀ। ਭਾਜਪਾ ਦੇ ਸੰਸਦ ਮੈਂਬਰ ਮਨੋਜ ਤਿਵਾੜੀ ਦੇ ਸਮਰਥਨ ‘ਚ ਚਰਨਜੀਵ ਮਲਹੋਤਰਾ ਨੇ ਕਿਹਾ ਕਿ ਮੌਜੂਦਾ ਚੋਣਾਂ ‘ਚ ਪਾਰਟੀ ਨੇ ਇਕ ਵਾਰ ਫਿਰ ਮਨੋਜ ਤਿਵਾੜੀ ਨੂੰ ਮੈਦਾਨ ‘ਚ ਉਤਾਰਿਆ ਹੈ, ਪੂਰਬੀ ਦਿੱਲੀ ਦੇ ਲੋਕਾਂ ਨੂੰ ਅਪੀਲ ਹੈ ਕਿ ਅਸੀਂ ਉਨ੍ਹਾਂ ਨੂੰ ਲਿਆਵਾਂਗੇ, ਜਿਨ੍ਹਾਂ ਨੇ ਰਾਮ ਲਿਆਏ ਹਨ, ਦਿੱਲੀ ‘ਚ ਚੋਣਾਂ ਹਨ 25 ਮਈ, ਸਾਰਿਆਂ ਨੂੰ ਲੋਕਤੰਤਰ ਉਤਸਵ ਵਿੱਚ ਹਿੱਸਾ ਲੈਣਾ ਚਾਹੀਦਾ ਹੈ ਅਤੇ ਦਿੱਲੀ ਲੋਕ ਸਭਾ ਦੀਆਂ ਸਾਰੀਆਂ ਸੱਤ ਸੀਟਾਂ ‘ਤੇ ਭਾਜਪਾ ਨੂੰ ਵੋਟ ਪਾਉਣੀ ਚਾਹੀਦੀ ਹੈ। ਮੁੱਖ ਮਹਿਮਾਨ ਭਾਰਤੀ ਜਨਤਾ ਪਾਰਟੀ ਦਿੱਲੀ ਦੇ ਸੂਬਾ ਪ੍ਰਧਾਨ ਵਰਿੰਦਰ ਸਚਦੇਵਾ, ਉੱਤਰ ਪੂਰਬੀ ਦਿੱਲੀ ਦੇ ਪ੍ਰਧਾਨ ਸੰਜੀਵ ਅਰੋੜਾ, ਰਾਸਟਰੀ ਪ੍ਰਧਾਨ ਅਰਵਿੰਦਰ ਅਰੋੜਾ, ਰਾਸਟਰੀ ਸਰਪ੍ਰਸਤ ਚਰਨਜੀਵ ਮਲਹੋਤਰਾ, ਉੱਤਰ ਪੂਰਬੀ ਭਾਜਪਾ ਸੰਸਦ ਮੈਂਬਰ, ਭਾਜਪਾ ਉਮੀਦਵਾਰ ਮਨੋਜ ਤਿਵਾੜੀ, ਸੀਨੀਅਰ ਆਗੂ, ਅਹੁਦੇਦਾਰ ਅਤੇ ਵਰਕਰ, ਜਿ?ਲ੍ਹਾ ਗਾਜੀਆਬਾਦ ਦੇ ਜਨਰਲ ਸਕੱਤਰ ਡਾ. ਪੱਪੂ ਪਹਿਲਵਾਨ ਆਦਿ ਹਾਜਰ ਸਨ।

ਸੈਰ ਕਰ ਰਹੀ ਔਰਤ ਨਾਲ ਵਾਪਰਿਆ ਭਾਣਾ, ਸੋਚਿਆ ਵੀ ਨਹੀਂ ਸੀ ਇੰਝ ਆਵੇਗੀ ਮੌਤ

ਲੁਧਿਆਣਾ 14 ਮਈ। ਥਾਣਾ ਡਵੀਜਨ ਨੰਬਰ 3 ਅਧੀਨ ਪੈਂਦੇ ਸੂਫੀਆ ਚੌਂਕ ‘ਚ ਸਵੇਰੇ ਤੜਕੇ ਪੈਦਲ ਜਾ ਰਹੀ ਇੱਕ ਔਰਤ ਨੂੰ ਇੱਕ ਤੇਜ ਰਫਤਾਰ ਕਾਰ ਚਾਲਕ ਨੇ ਪਿੱਛੇ ਤੋਂ ਟੱਕਰ ਮਾਰ ਦਿੱਤੀ। ਟੱਕਰ ਇੰਨੀ ਭਿਆਨਕ ਸੀ ਕਿ ਔਰਤ ਦੂਰ ਜਾ ਕੇ ਡਿਵਾਈਡਰ ਨਾਲ ਜਾ ਟਕਰਾਈ। ਇਸ ਦੌਰਾਨ ਔਰਤ ਦਾ ਭਤੀਜਾ ਵੀ ਨਾਲ ਸੀ ਅਤੇ ਮੌਕੇ ‘ਤੇ ਕਾਰ ਚਾਲਕ ਫਰਾਰ ਹੋ ਗਿਆ। ਲੋਕਾਂ ਨੇ ਔਰਤ ਨੂੰ ਇਲਾਜ ਲਈ ਨੇੜੇ ਦੇ ਹਸਪਤਾਲ ਪਹੁੰਚਾਇਆ, ਜਿੱਥੇ ਉਸ ਦੀ ਮੌਤ ਹੋ ਗਈ। ਘਟਨਾ ਦੀ ਸੂਚਨਾ ਮਿਲਦੇ ਹੀ ਥਾਣਾ ਡਵੀਜਨ ਨੰਬਰ 3 ਦੀ ਪੁਲਸ ਮੌਕੇ ‘ਤੇ ਪਹੁੰਚ ਗਈ ਅਤੇ ਮੌਕੇ ਦਾ ਜਾਇਜਾ ਲੈ ਕੇ ਲਾਸ ਨੂੰ ਕਬਜੇ ‘ਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ। ਔਰਤ ਦੀ ਪਛਾਣ ਹਰਗੋਬਿਦਰ ਨਗਰ ਦੀ ਰਹਿਣ ਵਾਲੀ 33 ਸਾਲਾ ਸਵੀਟੀ ਅਰੋੜਾ ਵਜੋਂ ਹੋਈ ਹੈ। ਔਰਤ ਦੀ ਮਾਂ ਸਸੀਕਾਂਤਾ ਨੇ ਦੱਸਿਆ ਕਿ ਉਹ ਰੋਜਾਨਾ ਦੀ ਤਰ੍ਹਾਂ ਆਪਣੇ ਭਤੀਜੇ ਨਿਤਿਨ ਨਾਲ ਜਿੰਮ ਗਈ ਸੀ। ਉਸ ਦੇ ਦੋ ਭਰਾਵਾਂ ਦੀ ਮੌਤ ਹੋ ਚੁੱਕੀ ਹੈ ਅਤੇ ਉਹ ਮੋਬਾਈਲ ਦੀ ਦੁਕਾਨ ‘ਤੇ ਕੰਮ ਕਰਦੀ ਸੀ। ਔਰਤ ਦੇ ਭਤੀਜੇ ਨਿਤਿਨ ਨੇ ਦੱਸਿਆ ਕਿ ਉਹ ਆਪਣਾ ਸਕੂਟਰ ਪਾਰਕ ਕਰਕੇ ਜਿੰਮ ਗਿਆ ਅਤੇ ਸਵੀਟੀ ਸੜਕ ਦੇ ਕਿਨਾਰੇ ਸੈਰ ਕਰ ਰਹੀ ਸੀ । ਕੁਝ ਹੀ ਦੇਰ ਵਿੱਚ ਕਾਰ ਚਾਲਕ ਨੇ ਉਸ ਨੂੰ ਪਿੱਛੇ ਤੋਂ ਟੱਕਰ ਮਾਰ ਦਿੱਤੀ। ਥਾਣਾ ਡਿਵੀਜਨ ਨੰਬਰ 3 ਦੇ ਇੰਸਪੈਕਟਰ ਨਰਦੇਵ ਸਿੰਘ ਨੇ ਦੱਸਿਆ ਕਿ ਔਰਤ ਦੇ ਪਰਿਵਾਰ ਵਾਲਿਆਂ ਨੇ ਸ?ਿਕਾਇਤ ਦੇ ਦਿੱਤੀ ਹੈ ਅਤੇ ਮੌਕੇ ’ਤੇ ਲੱਗੇ ਸੀਸੀਟੀਵੀ ਕੈਮਰੇ ਦੀ ਫੁਟੇਜ ਚੈੱਕ ਕੀਤੀ ਗਈ ਹੈ।

ਨਸਾ ਤਸਕਰੀ ਦੇ ਨੈੱਟਵਰਕ ਦਾ ਪਰਦਾਫਾਸ, ਭਾਰੀ ਮਾਤਰਾ ‘ਚ ਹੈਰੋਇਨ ਸਮੇਤ 3 ਸਮੱਗਲਰ ਗ੍ਰਿਫਤਾਰ

ਜਲੰਧਰ 14 ਮਈ। ਪੁਲਸ ਕਮਿਸਨਰ ਸਵਪਨ ਸਰਮਾ ਦੀ ਅਗਵਾਈ ਹੇਠ ਜਲੰਧਰ ਕਮਿਸਨਰੇਟ ਪੁਲਸ ਨੇ ਬੁੱਧਵਾਰ ਨੂੰ ਤਿੰਨ ਨਸਾ ਤਸਕਰਾਂ ਨੂੰ ਭਾਰੀ ਮਾਤਰਾ ਵਿੱਚ ਹੈਰੋਇਨ ਸਮੇਤ ਕਾਬੂ ਕਰਕੇ ਨਸਾ ਤਸਕਰਾਂ ਦੇ ਇਕ ਗਿਰੋਹ ਦਾ ਪਰਦਾਫਾਸ ਕੀਤਾ ਹੈ। ਵੇਰਵਿਆਂ ਦਾ ਖੁਲਾਸਾ ਕਰਦਿਆਂ ਪੁਲਸ ਕਮਿਸਨਰ ਨੇ ਦੱਸਿਆ ਕਿ ਪੁਲਸ ਪਾਰਟੀ ਨੂੰ ਨਾਜਾਇਜ ਸਰਾਬ, ਹਥਿਆਰਾਂ ਅਤੇ ਨਸੀਲੇ ਪਦਾਰਥਾਂ ਜਿਵੇਂ ਕਿ ਹੈਰੋਇਨ, ਗੋਲੀਆਂ ਅਤੇ ਪਾਊਡਰ ਦੀ ਤਸਕਰੀ ਕਰਨ ਵਾਲੇ ਇਕ ਗਿਰੋਹ ਬਾਰੇ ਇਤਲਾਹ ਮਿਲੀ ਸੀ। ਉਨ੍ਹਾਂ ਦੱਸਿਆ ਕਿ ਇਸ ਤੋਂ ਬਾਅਦ ਥਾਣਾ ਡਿਵੀਜਨ 4 ਜਲੰਧਰ ਵਿਖੇ ਅਣਪਛਾਤੇ ਵਿਅਕਤੀਆਂ ਖਿ?ਲਾਫ ਐੱਫ. ਆਈ. ਆਰ. ਨੰਬਰ 44 ਮਿਤੀ 07-05-2024 ਅਧੀਨ 61-1-14 ਆਬਕਾਰੀ ਐਕਟ, 21/22 ਐੱਨ. ਡੀ. ਪੀ. ਐੱਸ. ਐਕਟ, 25 ਅਸਲਾ ਐਕਟ ਦਰਜ ਕੀਤਾ ਗਿਆ ਸੀ। ਸਵਪਨ ਸਰਮਾ ਨੇ ਦੱਸਿਆ ਕਿ ਪੁਲਸ ਨੇ ਮਾਮਲੇ ਦੀ ਜਾਂਚ ਸੁਰੂ ਕਰ ਦਿੱਤੀ ਤਾਂ ਜੋ ਸਹਿਰ ਅੰਦਰ ਚੱਲ ਰਹੇ ਗੈਰ-ਕਾਨੂੰਨੀ ਨਸੀਲੇ ਪਦਾਰਥਾਂ ਦੀ ਤਸਕਰੀ ਦੇ ਨੈੱਟਵਰਕ ਨੂੰ ਪ੍ਰਭਾਵਸਾਲੀ ਢੰਗ ਨਾਲ ਖਤਮ ਕੀਤਾ ਜਾ ਸਕੇ। ਪੁਲਸ ਕਮਿਸਨਰ ਨੇ ਦੱਸਿਆ ਕਿ

ਪੁਲਿਸ ਨੇ ਛਾਪੇਮਾਰੀ ਕਰਕੇ ਵਰਿੰਦਰ ਕੁਮਾਰ ਉਰਫ ਮੌਲਾ ਪੁੱਤਰ ਸੁਭਾਸ ਚੰਦਰ ਵਾਸੀ ਨੰਬਰ 64/7 ਭਾਰਗੋ ਕੈਂਪ ਜਲੰਧਰ, ਜਤਿੰਦਰ ਕੁਮਾਰ ਜਿੰਦਰ ਪੁੱਤਰ ਸੁਭਾਸ ਚੰਦਰ ਵਾਸੀ ਨੰਬਰ 64/7 ਭਾਰਗੋ ਕੈਂਪ ਜਲੰਧਰ ਅਤੇ ਰੋਹਿਤ ਕੁਮਾਰ ਉਰਫ ਕਾਕਾ ਪੁੱਤਰ ਸੁਭਾਸ ਚੰਦਰ ਵਾਸੀ ਨੰਬਰ 64/7 ਭਾਰਗੋ ਕੈਂਪ, ਜਲੰਧਰ ਨੂੰ ਗ੍ਰਿਫਤਾਰ ਕੀਤਾ ਹੈ। ਉਨ੍ਹਾਂ ਦੱਸਿਆ ਕਿ ਪੁਲਸ ਨੇ ਮੁਲਜਮਾਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਕੋਲੋਂ ਭਾਰੀ ਮਾਤਰਾ ਵਿੱਚ ਹੈਰੋਇਨ ਬਰਾਮਦ ਕੀਤੀ ਹੈ। ਸਵਪਨ ਸਰਮਾ ਨੇ ਦੱਸਿਆ ਕਿ ਫੜੇ ਗਏ ਮੁਲਜਮਾਂ ਵਿਰੁੱਧ ਕਈ ਕੇਸ ਦਰਜ ਕੀਤੇ ਗਏ ਹਨ, ਜੋ ਇਸ ਨੈਟਵਰਕ ਵਿੱਚ ਕੇਂਦਰੀ ਸਖਸੀਅਤਾਂ ਵਜੋਂ ਪਾਏ ਗਏ ਸਨ। ਪੁਲਸ ਕਮਿਸਨਰ ਨੇ ਦੱਸਿਆ ਕਿ ਵਰਿੰਦਰ ਖਿ?ਲਾਫ ਛੇ ਅਤੇ ਰੋਹਿਤ ਕੁਮਾਰ ਖਿ?ਲਾਫ ਪੰਜ ਐੱਫ. ਆਈ. ਆਰ. ਪਹਿਲਾਂ ਹੀ ਪੈਂਡਿੰਗ ਹਨ। ਉਨ੍ਹਾਂ ਦੱਸਿਆ ਕਿ ਹੋਰ ਪੁੱਛਗਿੱਛ ਤੋਂ ਪਤਾ ਲੱਗਾ ਹੈ ਕਿ ਉਹ ਪਿਛਲੇ ਕੁਝ ਸਮੇਂ ਤੋਂ ਭਾਰਗੋ ਕੈਂਪ ਇਲਾਕੇ ਵਿੱਚ ਨਸਾ ਤਸਕਰੀ ਦਾ ਨੈੱਟਵਰਕ ਚਲਾ ਰਹੇ ਸਨ। ਸਵਪਨ ਸਰਮਾ ਨੇ ਦੱਸਿਆ ਕਿ ਮਾਮਲੇ ਦੀ ਅਗਲੇਰੀ ਜਾਂਚ ਕੀਤੀ ਜਾ ਰਹੀ ਹੈ ਅਤੇ ਵੇਰਵੇ ਬਾਅਦ ਵਿੱਚ ਸਾਂਝੇ ਕੀਤੇ ਜਾਣਗੇ।

ਨਸ਼ੇ ਨੂੰ ਠੱਲ ਪਾਉਣ ਲਈ ਪੁਲਸ ਨੇ ਚਲਾਇਆ ‘ਆਪਰੇਸ਼ਨ ਕਾਸੋ’, ਸ਼ੱਕੀ ਵਿਅਕਤੀਆਂ ਦੇ ਘਰ-ਘਰ ਜਾ ਕੇ ਕੀਤੀ ਚੈਕਿੰਗ

ਬਮਿਆਲ/ਦੀਨਾਨਗਰ 14 ਮਈ। ਐਤਵਾਰ ਦੀ ਸਵੇਰ ਹੁੰਦੇ ਹੀ ਪੁਲਸ ਨੇ ਸਰਹੱਦੀ ਇਲਾਕੇ ‘ਚ ਆਪਰੇਸਨ ‘ਕਾਸੋ’ ਤਹਿਤ ਵਿਸੇਸ ਚੈਕਿੰਗ ਮੁਹਿੰਮ ਚਲਾਈ, ਜਿਸ ਦੌਰਾਨ ਪੁਲਸ ਨੇ ਸਬੰਧਿਤ ਸਥਾਨ ‘ਤੇ ਜਾ ਕੇ ਲੋਕਾਂ ਦੇ ਘਰਾਂ ‘ਚ ਤਲਾਸੀ ਵੀ ਕੀਤੀ। ਪੁਲਿਸ ਥਾਣਾ ਨਰੋਟ ਜੈਮਲ ਸਿੰਘ ਅਤੇ ਪੁਲਸ ਚੌਕੀ ਬਮਿਆਲ ਦੇ ਪੁਲਸ ਅਧਿਕਾਰੀਆਂ ਅਤੇ ਜਵਾਨਾਂ ਵਲੋਂ ਐਤਵਾਰ ਸਵੇਰੇ ਸਰਹੱਦੀ ਖੇਤਰ ਕਸਬਾ ਬਮਿਆਲ ਵਿਖੇ ਵੱਖ-ਵੱਖ ਟੀਮਾਂ ਬਣਾ ਕੇ ਸੱਕੀ ਵਿਅਕਤੀਆਂ ਦੇ ਘਰਾਂ ਦੀ ਘਰ-ਘਰ ਜਾ ਕੇ ਚੈਕਿੰਗ ਕੀਤੀ ਗਈ ਅਤੇ ਪੁਲਸ ਚੌਕੀ ਬਮਿਆਲ ਦੇ ਇੰਚਾਰਜ ਦਲਬੀਰ ਸਿੰਘ ਨੇ ਦੱਸਿਆ ਕਿ ਇਸ ਕਾਰਵਾਈ ਦਾ ਮਕਸਦ ਸਰਹੱਦੀ ਖੇਤਰ ਵਿਚ ਨਸੇ ਨੂੰ ਠੱਲ ਪਾਉਣਾ ਹੈ। ਜਿ?ਕਰਯੋਗ ਹੈ ਕਿ ਪੁਲਸ ਵਲੋਂ ਲੰਬੇ ਸਮੇਂ ਤੋਂ ਨਸਾਖੋਰੀ ਨੂੰ ਰੋਕਣ ਲਈ ਵਿਸੇਸ ਮੁਹਿੰਮ ਚਲਾਈ ਜਾ ਰਹੀ ਹੈ ਅਤੇ ਇਸ ਵਿਚ ਪੁਲਸ ਨੂੰ ਸਫਲਤਾ ਵੀ ਮਿਲੀ ਹੈ। ਇਸੇ ਮੁਹਿੰਮ ਤਹਿਤ ਐਤਵਾਰ ਨੂੰ ਵੀ ਪੁਲਿਸ ਨੇ ਜਾਂਚ ਕੀਤੀ। ਹਲਾਂਕਿ ਇਸ ਤਲਾਸੀ ਅਭਿਆਨ ਦੌਰਾਨ ਕਿਸੇ ਵੀ ਪ੍ਰਕਾਰ ਦੀ ਸ਼ੱਕੀ ਵਸਤੂ ਮਿਲਣ ਦਾ ਸਮਾਚਾਰ ਨਹੀਂ ਮਿਲਿਆ ਹੈ। ਇਸ ਮੌਕੇ ਵੱਡੀ ਗਿਣਤੀ ਵਿਚ ਪੁਲਸ ਦੇ ਜਵਾਨ ਹਾਜਰ ਸਨ।

ਸ਼ਰਮਨਾਕ ! ਜਲੰਧਰ ਵਿਖੇ ਖੇਤਾਂ ‘ਚੋਂ ਮਿਲੀ ਨਵਜੰਮੀ ਬੱਚੀ, ਹਾਲਾਤ ਵੇਖ ਪੁਲਸ ਵੀ ਹੋਈ ਹੈਰਾਨ, ਕੀੜੀਆਂ ਨੇ ਕੀਤੇ ਅੱਖ ‘ਤੇ ਜਖਮ

ਜਲੰਧਰ 14 ਮਈ। ਜਲੰਧਰ ਵਿਖੇ ਦੇਰ ਰਾਤ ਖੇਤਾਂ ‘ਚੋਂ ਨਵਜੰਮੀ ਬੱਚੀ ਮਿਲਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਦਾ ਪਤਾ ਉਦੋਂ ਲੱਗਾ ਜਦੋਂ ਬੱਚੀ ਉੱਚੀ-ਉੱਚੀ ਰੋ ਰਹੀ ਸੀ। ਜਿਸ ਸਾਥਾਨ ਤੋਂ ਬੱਚੀ ਮਿਲੀ ਹੈ, ਉਥੇ ਕੀੜੀਆਂ ਹੋਣ ਕਾਰਨ ਉਸ ਦੀ ਅੱਖ ਉੱਤੇ ਜਖਮ ਹੋ ਗਿਆ ਹੈ। ਜਾਣਕਾਰੀ ਮੁਤਾਬਕ ਇਹ ਘਟਨਾ ਆਦਮਪੁਰ ਦੇ ਮਦਾਰਾ ਦੀ ਹੈ। ਪੁਲਸ ਨੇ ਦੱਸਿਆ ਹੈ ਕਿ ਪ੍ਰਾਇਮਰੀ ਸਕੂਲ ਦੇ ਪਿਛਲੇ ਪਾਸੇ ਖੇਤਾਂ ‘ਚੋਂ ਬੱਚੀ ਮਿਲੀ ਹੈ। ਉਨ੍ਹਾਂ ਨੇ ਕਿਹਾ ਕਿ ਬੱਚੀ ਨੂੰ ਸਰਕਾਰੀ ਹਸਪਤਾਲ ਵਿਚ ਰੈਫਰ ਕਰ ਦਿੱਤਾ ਗਿਆ। ਬੱਚੀ ਨੂੰ ਕੌਣ ਖੇਤਾਂ ਵਿੱਚ ਛੱਡ ਗਿਆ ਇਹ ਪਤਾ ਲੱਗਣਾ ਮੁਸ਼ਕਿਲ ਹੈ। ਬੱਚੀ ਦੇ ਚੰਗੇ ਇਲਾਜ ਲਈ ਪੁਲਸ ਨੇ ਯੂਨੀਕ ਹੋਮ ਭੇਜ ਦਿੱਤਾ ਹੈ ਤਾਂਕਿ ਉਸ ਦਾ ਇਲਾਜ ਦੇ ਮਦਾਰਾ ਦੀ ਹੈ। ਪੁਲਸ ਨੇ ਦੱਸਿਆ ਹੈ ਕਿ ਪ੍ਰਾਇਮਰੀ ਸਕੂਲ ਦੇ ਪਿਛਲੇ ਪਾਸੇ ਖੇਤਾਂ ‘ਚੋਂ ਬੱ

ਜਨਤਾ ਦੀ ਨਜ਼ਰ 'ਚ ਲੋਕ ਸਭਾ ਹਲਕਾ ਪਟਿਆਲਾ

ਸੱਤ ਸਾਲਾਂ 'ਚ ਪਟਿਆਲਾ ਲੋਕ ਸਭਾ ਹਲਕੇ 'ਚ ਕੀਤੇ 7 ਕੰਮ ਗਿਣਾਉਣ ਕਾਂਗਰਸ ਤੇ 'ਆਪ' : ਐਨ.ਕੇ. ਸ਼ਰਮਾ

ਸਨੌਰ, 14 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਲੋਕ ਸਭਾ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਐਨ. ਕੇ. ਸ਼ਰਮਾ ਨੇ ਕਾਂਗਰਸ ਅਤੇ ਆਮ ਆਦਮੀ ਪਾਰਟੀ ਨੂੰ ਵਿਕਾਸ ਦੇ ਮੁੱਦੇ 'ਤੇ ਘੇਰਦਿਆਂ ਕਿਹਾ ਹੈ ਕਿ ਪੰਜਾਬ 'ਚ ਕਾਂਗਰਸ ਦਾ ਪੰਜ ਸਾਲ ਰਾਜ ਰਿਹਾ ਹੈ ਅਤੇ ਆਮ ਆਦਮੀ ਪਾਰਟੀ ਹੁਣ ਦੋ ਸਾਲ ਰਾਜ ਕਰ ਰਹੀ ਹੈ। ਦੋਵਾਂ ਪਾਰਟੀਆਂ ਦੇ ਉਮੀਦਵਾਰ ਲੋਕ ਮੰਚ ਰਾਹੀਂ ਪਟਿਆਲਾ ਲੋਕ ਸਭਾ ਹਲਕੇ ਲਈ ਕੀਤੇ ਗਏ ਸੱਤ ਵੱਡੇ ਕੰਮਾਂ ਬਾਰੇ ਲੋਕਾਂ ਨੂੰ ਜਾਣੂ ਕਰਵਾਉਣ।

ਐਨ.ਕੇ.ਸ਼ਰਮਾ ਚੋਣ ਪ੍ਰਚਾਰ ਮੁਹਿੰਮ ਤਹਿਤ ਅੱਜ ਹਲਕਾ ਇੰਚਾਰਜ ਅਤੇ ਸਾਬਕਾ ਵਿਧਾਇਕ ਹਰਿੰਦਰ ਪਾਲ ਸਿੰਘ ਚੰਦੂਮਾਜਰਾ ਦੀ ਅਗਵਾਈ ਹੇਠ ਵਿਧਾਨ ਸਭਾ ਹਲਕਾ ਸਨੌਰ ਦੇ ਪਿੰਡ ਅਸਰਪੁਰ, ਖੁੱਡਾ, ਬੁੱਲੜਕਲਾ, ਕਰਨਪੁਰ, ਭਾਖਰ, ਬੱਲਮਗੜ੍ਹ, ਜੰਗੀਰ ਵਿਖੇ ਜਨ ਸਭਾਵਾਂ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਨੇ ਪੰਜਾਬ 'ਤੇ ਪੰਜ ਸਾਲ ਰਾਜ ਕੀਤਾ ਅਤੇ ਪਟਿਆਲਾ ਲੋਕ ਸਭਾ ਹਲਕੇ ਨੂੰ ਪੂਰੀ ਤਰ੍ਹਾਂ ਅਣਗੌਲਿਆ ਕੀਤਾ। ਅਮਰਿੰਦਰ ਸਿੰਘ ਕਾਂਗਰਸ ਦੇ ਰਾਜ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਬਣੇ ਪਰ ਮੁੱਖ ਮੰਤਰੀ ਬਣਦਿਆਂ ਹੀ ਪਟਿਆਲਾ ਨੂੰ ਭੁੱਲ ਗਏ।

ਐਨ.ਕੇ.ਸ਼ਰਮਾ ਨੇ ਕਿਹਾ ਕਿ ਹੁਣ ਪਿਛਲੇ ਦੋ ਸਾਲਾਂ ਤੋਂ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਹੈ ਅਤੇ 'ਆਪ' ਦੇ ਕੈਬਨਿਟ ਮੰਤਰੀ ਬਲਬੀਰ ਸਿੰਘ ਇੱਥੋਂ ਚੋਣ ਲੜ ਰਹੇ ਹਨ। ਬਲਬੀਰ ਸਿੰਘ ਸਿਹਤ ਮੰਤਰੀ ਵਜੋਂ ਕੰਮ ਕਰ ਰਹੇ ਹਨ, ਉਨ੍ਹਾਂ ਦੇ ਰਾਜ ਵਿੱਚ ਪਟਿਆਲਾ ਲੋਕ ਸਭਾ ਹਲਕੇ ਦੇ ਹਸਪਤਾਲਾਂ ਦੀ ਹਾਲਤ ਇੰਨੀ ਤਰਸਯੋਗ ਹੋ ਗਈ ਹੈ ਕਿ ਇੱਥੇ ਮਰੀਜ਼ਾਂ ਨੂੰ ਦਵਾਈਆਂ ਅਤੇ ਟੀਕੇ ਨਹੀਂ ਮਿਲ ਰਹੇ ਹਨ। ਐਨ. ਕੇ. ਸ਼ਰਮਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੇ ਹਮੇਸ਼ਾ ਵਿਕਾਸ ਦੀ ਰਾਜਨੀਤੀ ਕੀਤੀ ਹੈ।

ਆਜ਼ਾਦ ਉਮੀਦਵਾਰ ਡਿੰਪਲ ਬਦੇਸ਼ਾਂ ਦਾ ਹਿੰਦੂ ਸੁਰਕਸ਼ਾ ਸੰਮਤੀ ਵੱਲੋਂ ਸਨਮਾਨ

ਪਟਿਆਲਾ, 14 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਅੱਜ ਮਾਨਵ ਸੇਵਾ ਪਰਸ਼ਦ ਪੰਜਾਬ ਦੀ ਪ੍ਰਧਾਨ ਅਤੇ ਪ੍ਰਸਿੱਧ ਸਮਾਜ ਸੇਵੀ ਮੈਡਮ ਡਿੰਪਲ ਬਦੇਸ਼ਾਂ ਜੋ ਪਟਿਆਲਾ ਲੋਕ ਸਭਾ ਤੋਂ ਚੋਣਾਂ ਲੜ ਰਹੇ ਹਨ ਪ੍ਰਧਾਨ ਡਿੰਪਲ ਜੀ ਦਾ ਜਿਲਾ ਪਟਿਆਲਾ ਤੋਂ ਜਨਤਾ ਵੱਲੋਂ ਵੱਖ ਵੱਖ ਥਾਵਾਂ ਤੇ ਭਰਵਾਂ ਸਵਾਗਤ ਕੀਤਾ ਜਾ ਰਿਹਾ ਹੈ ਅਤੇ ਉਹਨਾਂ ਨੂੰ ਫੁੱਲਾਂ ਦੇ ਹਾਰ ਪਾ ਕੇ ਸਨਮਾਨਿਤ ਕੀਤਾ ਜਾ ਰਿਹਾ ਹੈ। ਅੱਜ ਮਾਤਾ ਸ਼੍ਰੀ ਕਾਲੀ ਦੇਵੀ ਮੰਦਰ ਵਿੱਚ ਵੀ ਹਿੰਦੂ ਸੁਰਕਸ਼ਾ ਸੰਮਤੀ ਵੱਲੋਂ ਉਹਨਾਂ ਦਾ ਸਨਮਾਨ ਕੀਤਾ ਗਿਆ ਅਤੇ ਉਹਨਾਂ ਨੂੰ ਚੋਣਾਂ ਲੜਨ ਲਈ ਸਹਿਯੋਗ ਕਰਨ ਦਾ ਵਾਅਦਾ ਕੀਤਾ ਗਿਆ ਇਸ ਤੋਂ ਇਲਾਵਾ ਸਨੌਰ ਹਲਕੇ ਵਿੱਚ ਲੋਕਾਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ ਅਤੇ ਅੱਧ ਵਾਲਾ ਪੀਰ ਜੋ ਬਹੁਤ ਪਿੰਡਾਂ ਦੀ ਮਾਨਤਾ ਹੈ ਅੱਧ ਵਾਲੇ ਬਾਬਿਆਂ ਵੱਲੋਂ ਇਹਨਾਂ ਨੂੰ ਆਸ਼ੀਰਵਾਦ ਦਿੱਤਾ ਗਿਆ ਅਤੇ ਇਹਨਾਂ ਨੂੰ ਜਿਤਾਉਣ ਲਈ ਸੰਗਤ ਨੂੰ ਅਪੀਲ ਕੀਤੀ ਗਈ ਇਸ ਤੋਂ ਇਲਾਵਾ ਰਜਿੰਦਰਾ ਹਸਪਤਾਲ ਵਿੱਚ ਟੈਂਪੂ ਯੂਨੀਅਨ ਵੱਲੋਂ ਮੈਡਮ ਵਿਦੇਸ਼ਾਂ ਦਾ ਭਰਵਾਂ ਸਵਾਗਤ ਕੀਤਾ ਗਿਆ।

'ਆਪ' ਪਾਰਟੀ 26 ਮਹੀਨਿਆਂ 'ਚ ਇਕ ਵੀ ਵਾਅਦਾ ਪੂਰਾ ਨਹੀਂ ਕਰ ਸਕੀ, ਅੱਜ ਪੰਜਾਬ ਦੀ ਹਰ ਔਰਤ ਮੰਗ ਰਹੀ ਹੈ ਆਪਣੇ 26 ਹਜ਼ਾਰ ਰੁਪਏ ਦਾ ਹਿਸਾਬ : ਪ੍ਰਨੀਤ ਕੌਰ

ਪਟਿਆਲਾ, 14 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਮੈਂ ਪਟਿਆਲੇ ਇੱਕ ਨੂੰਹ ਬਣ ਕੇ ਆਈ ਸੀ। ਪਹਿਲਾਂ ਧੀ ਵਜੋਂ ਅਤੇ ਹੁਣ ਪਰਿਵਾਰਕ ਮੈਂਬਰ ਵਜੋਂ ਪਟਿਆਵੇ ਦੇ ਲੋਕਾਂ ਦਾ ਪਿਆਰ ਪ੍ਰਾਪਤ ਕੀਤਾ। ਪਟਿਆਲਾ ਜ਼ਿਲ੍ਹੇ ਦੇ ਹਰ ਘਰ ਨਾਲ ਮੇਰਾ ਖਾਸ ਰਿਸ਼ਤਾ ਹੈ। ਲੋਕ ਸਭਾ ਚੋਣ ਪ੍ਰਚਾਰ ਦੌਰਾਨ ਜਦੋਂ ਮੈਂ ਲੋਕਾਂ ਨੂੰ ਮਿਲਦੀ ਹਾਂ ਤਾਂ ਉਹ ਕਹਿੰਦੇ ਹਨ ਕਿ ਉਨ੍ਹਾਂ ਨੂੰ ਸਿਰਫ਼ ਮੇਰੇ 'ਤੇ ਭਰੋਸਾ ਹੈ ਅਤੇ ਹਮੇਸ਼ਾ ਦੀ ਤਰ੍ਹਾਂ ਇਸ ਲੋਕ ਸਭਾ ਚੋਣ ਵਿਚ ਵੀ ਉਹ ਮੈਨੂੰ ਆਪਣਾ ਆਸ਼ੀਰਵਾਦ ਦੇਣਗੇ। ਪਟਿਆਲੇ ਦੇ ਲੋਕਾਂ ਨੇ ਮੈਨੂੰ ਜੋ ਪਿਆਰ, ਸਨੇਹ ਅਤੇ ÷ਵਿਸ਼ਵਾਸ÷ ਦਿੱਤਾ ਹੈ, ਉਹ ਮੇਰਾ ਸਭ ਤੋਂ ਵੱਡਾ ਖਜ਼ਾਨਾ ਹੈ। ਇਨ੍ਹਾਂ ਭਾਵਪੂਰਤ ਵਿਚਾਰਾਂ ਦਾ ਪ੍ਰਗਟਾਵਾ ਸਾਬਕਾ ਵਿਦੇਸ਼ ਰਾਜ ਮੰਤਰੀ ਅਤੇ ਸੰਸਦ ਮੈਂਬਰ ਮਹਾਰਾਣੀ ਪ੍ਰਨੀਤ ਕੌਰ ਨੇ ਸ਼ਨੀਵਾਰ ਨੂੰ ਸਮਾਣਾ ਵਿਖੇ ਰੱਖੀ ਗਈ ਜਨ ਸਭਾਵ ਨੂੰ ਸੰਬੋਧਨ ਕਰਦਿਆਂ ਕੀਤਾ।

ਮਹਾਰਾਣੀ ਪ੍ਰਨੀਤ ਕੌਰ ਨੇ ਕਿਹਾ ਕਿ ਪਟਿਆਲਾ ਅਤੇ ਪੰਜਾਬ ਦੀ ਸੇਵਾ ਕਰਨਾ ਮੇਰਾ ਅਤੇ ਮੇਰੇ ਪਰਿਵਾਰ ਦਾ ਪਵਿੱਤਰ ਫਰਜ਼ ਹੈ। ਅਸੀਂ ਗੁਰੂਆਂ ਦੇ ਹੁਕਮ ਦੀ ਪਾਲਣਾ ਕਰਦੇ ਹੋਏ ਆਪਣੇ ਪੁਰਖਿਆਂ ਦੁਆਰਾ ਕੀਤੇ ਵਾਅਦੇ ਨੂੰ ਪੂਰਾ ਕਰਦੇ ਆ ਰਹੇ ਹਾਂ। ਜਦੋਂ ਵੀ ਸਾਨੂੰ ਪੰਜਾਬ ਅਤੇ ਸੱਤਾ ਵਿੱਚੋਂ ਕਿਸੇ ਦੀ ਚੋਣ ਕਰਨੀ ਪਈ ਤਾਂ ਅਸੀਂ ਬਿਨਾਂ ਕਿਸੇ ਝਿਜਕ ਦੇ ਪੰਜਾਬ ਨੂੰ ਚੁਣਿਆ ਹੈ।

ਉਨ੍ਹਾਂ ਕਿਹਾ ਕਿ ਭਾਵੇਂ ਇਹ 1984 (ਬਲਿਊਸਟਾਰ ਤੋਂ ਬਾਅਦ), 2004 ਵਿੱਚ (ਐਸ.ਵਾਈ.ਐਲ. ਮੁੱਦਾ, ਸਾਡੀ ਮੌਜੂਦਾ ਸਰਕਾਰ ਦੇ ਖਿਲਾਫ ਗਿਆ) ਜਾਂ 2021 ਵਿੱਚ (ਜਦੋਂ ਕੈਪਟਨ ਸਾਹਬ ਨੇ ਅਸਤੀਫਾ ਦੇ ਦਿੱਤਾ) ਪੰਜਾਬ ਦੇ ਮਸਲਿਆਂ ਨੂੰ ਲੈ ਕੇ ਉਨ੍ਹਾਂ ਦੇ ਰਾਹ 'ਤੇ ਚੱਲਣਾ ਹੀ ਬਿਹਤਰ ਸਮਝਿਆ। ਦਿੱਲੀ। ਪਟਿਆਲਾ ਲੋਕ ਸਭਾ ਦੀ ਗਲੀ ਦਾ ਹਰ ਬੱਚਾ ਜਾਣਦਾ ਹੈ ਕਿ ਜਦੋਂ ਵੀ ਪੰਜਾਬ ਜਾਂ ਪਟਿਆਲਾ ਦੀ ਗੱਲ ਆਉਂਦੀ ਹੈ, ਇੱਥੇ ਸਿਰਫ ਇੱਕ ਪਰਿਵਾਰ ਹੈ ਜੋ ਹਮੇਸ਼ਾ ਪੰਜਾਬ ਦੇ ਲੋਕਾਂ ਨਾਲ ਖੜ੍ਹਾ ਹੈ ਉਹ ਪਰਿਵਾਰ ਹੈ ਕੈਪਟਨ ਅਮਰਿੰਦਰ ਸਿੰਘ ਦਾ ਪਰਿਵਾਰ।

ਆਮ ਆਦਮੀ ਪਾਰਟੀ ਬਾਰੇ ਮਹਾਰਾਣੀ ਪ੍ਰਨੀਤ ਕੌਰ ਨੇ ਕਿਹਾ ਕਿ 'ਆਪ' ਪਾਰਟੀ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕਰਨ 'ਚ ਨਾਕਾਮ ਰਹੀ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਦਾ ਦਿਲ ਵੱਡਾ ਹੈ ਅਤੇ ਇਸੇ ਲਈ ਉਨ੍ਹਾਂ ਨੇ 'ਆਪ' ਪਾਰਟੀ ਨੂੰ ਮੌਕਾ ਦਿੱਤਾ ਪਰ 'ਆਪ' ਪਾਰਟੀ ਲੋਕਾਂ ਨਾਲ ਕੀਤੇ ਵਾਅਦੇ ਜਾਂ ਲੋਕਾਂ ਵਲੋਂ ਕੀਤੀ ਗਈ ਕਿਸੇ ਉਮੀਦ ਨੂੰ ਪੂਰਾ ਨਹੀਂ ਕਰ ਸਕੀ। 'ਆਪ' ਪਾਰਟੀ ਦੇ ਪਿਛਲੇ 26 ਮਹੀਨੇ ਬਹੁਤ ਨਿਰਾਸ਼ਾਜਨਕ ਰਹੇ ਹਨ। ਮਾਨ ਸਰਕਾਰ ਔਰਤਾਂ ਨੂੰ 1000 ਰੁਪਏ ਮਹੀਨਾ ਦੇਣ ਦਾ ਆਪਣਾ ਵਾਅਦਾ ਪੂਰਾ ਨਹੀਂ ਕਰ ਸਕੀ ਅਤੇ ਅੱਜ ਪੰਜਾਬ ਦੀ ਹਰ ਔਰਤ ਆਪ ਪਾਰਟੀ ਅਤੇ ਭਗਵੰਤ ਮਾਨ ਤੋਂ ਆਪਣੇ 26000 ਰੁਪਏ ਦਾ ਹਿਸਾਬ ਮੰਗ ਰਹੀ ਹੈ। ਗੈਰ-ਕਾਨੂੰਨੀ ਮਾਈਨਿੰਗ 'ਤੇ ਕਾਬੂ ਤੋਂ ਲੈ ਕੇ ਅਨਾਜ ਦੀ ਖਰੀਦ ਤੱਕ ਪੰਜਾਬ 'ਚ ਕੋਈ ਵੀ ਵਾਅਦਾ ਪੂਰਾ ਨਹੀਂ ਹੋਇਆ।

ਚਿੱਟੇ ਤੇ ਸਮੈਕ ਦੇ ਮਾ.ਫ਼ੀਆ ਨੂੰ ਖ਼ਤਮ ਕਰਨ ਲਈ ਅ.ਫ਼ੀਮ-ਭੁੱਕੀ ਤੋਂ ਰੋਕ ਹਟਾਉਣੀ ਜ਼ਰੂਰੀ : ਡਾ: ਗਾਂਧੀ

ਪਟਿਆਲਾ, 14 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਕਾਂਗਰਸ ਪਾਰਟੀ ਦੇ ਲੋਕਸਭਾ ਹਲਕਾ ਪਟਿਆਲਾ ਤੋਂ ਉਮੀਦਵਾਰ ਡਾਕਟਰ ਧਰਮਵੀਰ ਗਾਂਧੀ ਵੱਲੋਂ ਨਾਭਾ ਹਲਕੇ ਦੇ ਦਰਜਨ ਭਰ ਤੋਂ ਵੱਧ ਪਿੰਡਾਂ ਦਾ ਦੌਰਾ ਕਰਦਿਆਂ ਚੋਣ ਪ੍ਰਚਾਰ ਕੀਤਾ ਗਿਆ। ਡਾਕਟਰ ਗਾਂਧੀ ਨੇ ਪਿੰਡਾਂ ਵਿੱਚ ਬੋਲਦਿਆਂ ਕਿਹਾ ਕਿ ਪੰਜਾਬ ਵਿੱਚ ਮੈਡੀਕਲ ਤੇ ਸਿੰਥੈਟਿਕ ਨਸ਼ੇ ਨੂੰ ਖ਼ਤਮ ਕਰਨ ਲਈ, ਚਿੱਟੇ ਅਤੇ ਸਮੈਕ ਦੇ ਮਾਫ਼ੀਆ ਦਾ ਲੱਕ ਤੋੜਨ ਲਈ ਜ਼ਰੂਰੀ ਹੈ ਕਿ ਅਫ਼ੀਮ ਅਤੇ ਭੁੱਕੀ ਤੋਂ ਕਾਨੂੰਨੀ

ਰੋਕ ਹਟਾਈ ਜਾਵੇ। ਉਹਨਾਂ ਕਿਹਾ ਕਿ ਅੱਜ ਦੁਨੀਆਂ ਦੇ 42 ਤੋਂ ਵੱਧ ਦੇਸ਼ ਕੁਦਰਤੀ ਨਸ਼ਿਆਂ ਤੋਂ ਰੋਕ ਹਟਾ ਚੁੱਕੇ ਹਨ ਕਿਉਂਕਿ ਅਫ਼ੀਮ ਭੁੱਕੀ ਜਿਹੇ ਕੁਦਰਤੀ ਓਵੇਂ ਘਾਤਕ ਨਹੀਂ ਹਨ ਜਿਵੇਂ ਚਿੱਟਾ ਅਤੇ ਸਮੈਕ ਅੱਜ ਸਾਡੇ ਨੌਜਵਾਨਾਂ ਦਾ ਕਤਲੇਆਮ ਕਰ ਰਹੇ ਹਨ। ਸਿੰਥੈਟਿਕ ਨਸ਼ਾ ਮਾਫ਼ੀਆ ਕਦੇ ਨਹੀਂ ਚਾਹੁੰਦਾ ਕਿ ਰਵਾਇਤੀ ਨਸ਼ਿਆਂ ਤੋਂ ਰੋਕ ਹਟੇ ਕਿਉਂਕਿ ਸਾਡੀ ਜਵਾਨੀ ਨੂੰ ਚਿੱਟੇ 'ਤੇ ਲਾ ਕੇ ਮਾਫ਼ੀਆ ਅਰਬਾਂ ਖਰਬਾਂ ਰੁਪਏ ਕਮਾਉਂਦਾ ਹੈ ਪਰ ਅੱਜ ਪੰਜਾਬ ਵਿੱਚ ਜਿਸ ਪੱਧਰ 'ਤੇ ਨਸ਼ਾ ਫ਼ੈਲ ਚੁੱਕਾ ਹੈ,ਇਸਦ ਇਹੋ ਇੱਕੋ ਈ ਹੱਲ ਬਚਿਆ ਹੈ।

ਉਹਨਾਂ ਐਲਾਨ ਕੀਤਾ ਕਿ ਉਹ ਪਹਿਲਾਂ ਤੋਂ ਵੀ ਵੱਧ ਜ਼ੋਰ ਸ਼ੋਰ ਨਾਲ਼ ਮੁਲਕ ਦੀ ਸੰਸਦ ਅੰਦਰ NDPS ਐਕਟ ਵਿੱਚ ਸੋਧਾਂ ਕਰਨ ਲਈ ਬਿੱਲ ਲੈਕੇ ਆਉਣਗੇ।

ਹਲਕਾ ਡੇਰਾਬੱਸੀ ਚ ਮਹਾਰਾਣੀ ਪ੍ਰਨੀਤ ਕੌਰ ਦੀ ਚੋਣ ਮੁਹਿੰਮ ਨੂੰ ਮਿਲਿਆ ਵੱਡਾ ਹੁੰਗਾਰਾ

ਐੱਸਐੱਮਐੱਸ ਸੰਧੂ ਦੀ ਅਗਵਾਈ 'ਚ ਹੈਬਤਪੁਰ ਤੋਂ ਵੱਡੀ ਗਿਣਤੀ ਅਕਾਲੀ ਦਲ ਦੇ ਸਮਰਥਕ ਭਾਜਪਾ 'ਚ ਸ਼ਾਮਿਲ

ਡੇਰਾ ਬਸੀ, 14 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਸੀਨੀਅਰ ਭਾਜਪਾ ਆਗੂ ਐੱਸਐੱਮਐੱਸ ਸੰਧੂ ਦੀ ਬਦੌਲਤ ਅੱਜ ਭਾਜਪਾ ਉਮੀਦਵਾਰ ਮਹਾਰਾਣੀ ਪ੍ਰਨੀਤ ਕੌਰ ਦੀ ਚੋਣ ਮੁਹਿੰਮ ਨੂੰ ਵੱਡਾ ਹੁੰਗਾਰਾ ਮਿਲਿਆ ਜਦੋਂ ਡੇਰਾਬੱਸੀ ਦੇ ਨੇੜਲੇ ਪਿੰਡ ਹੈਬਤਪੁਰ ਤੋਂ ਵੱਡੀ ਗਿਣਤੀ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਅਤੇ ਸਮਰਥਕ ਭਾਜਪਾ ਵਿਚ ਸ਼ਾਮਿਲ ਹੋ ਗਏ। ਨੰਬਰਦਾਰ ਸੁਭਾਸ਼ ਚੰਦਰ ਸੈਣੀ ਦੀ ਅਗਵਾਈ 'ਚ ਸਾਮਿਲ ਹੋਏ।

ਕੁਲਵੰਤ ਸਿੰਘ, ਬਲਜਿੰਦਰ ਸਿੰਘ, ਰਮਨ ਸੈਣੀ, ਗੁਰਵਿੰਦਰ ਸਿੰਘ, ਦਰਸ਼ਨ ਸੈਣੀ, ਅਮਨ, ਕੁਲਵਿੰਦਰ ਸਿੰਘ, ਸੋਨੂੰ, ਹਰਪ੍ਰੀਤ ਸਿੰਘ, ਸਤਨਾਮ ਸਿੰਘ, ਸ਼ਿਵ ਦੱਤ, ਜਗਦੀਪ, ਅੰਕੁਸ਼, ਵਿਕਾਸ, ਜਸਵੀਰ, ਹਰਮੇਸ਼, ਰਮੇਸ਼, ਗੁਰਮੇਲ ਸਿੰਘ, ਰੋਹਿਤ, ਪ੍ਰਦੀਪ, ਹਰਪ੍ਰੀਤ, ਰਮਜਾਨ, ਲੱਕੀ, ਉਫਰਾਨ, ਸਾਜਿਦ ਅੱਜ ਦੁਨੀਆ ਪੱਧਰ ਦੇ ਸਿਆਸੀ ਆਗੂ ਸਮੇਤ ਹੋਰ ਅਕਾਲੀ ਵਰਕਰਾਂ ਦਾ ਐੱਸਐੱਮਐੱਸ ਸੰਧੂ ਵੱਲੋ ਸਵਾਗਤ ਕਰਦਿਆਂ ਉਹਨਾਂ ਨੂੰ ਪਾਰਟੀ ਵਿੱਚ ਬਣਦਾ ਸਤਿਕਾਰ ਦੇਣ ਦਾ ਵਾਅਦਾ ਕੀਤਾ ਗਿਆ। ਇਸ ਤੋਂ ਪਹਿਲਾਂ ਸੰਧੂ ਵੱਲੋ ਡੇਰਾਬੱਸੀ ਵਿਖੇ ਭਗਵਾਨ ਪਰਸ਼ੁਰਾਮ ਨੂੰ ਉਹਨਾਂ ਦੀ ਜਯੰਤੀ ਤੇ ਸਭ ਨੂੰ ਵਧਾਈ ਦਿੰਦਿਆਂ ਕਿਹਾ ਕਿ ਭਗਵਾਨ ਨੇ ਸਮਾਜ ਨੂੰ ਵਡਮੁੱਲੀ ਸਿੱਖਿਆ ਦਿੱਤੀ ਹੈ। ਉਨ੍ਹਾਂ ਕਿਹਾ ਕਿ ਭਗਵਾਨ ਪਰਸ਼ੂ ਰਾਮ ਜੀ ਦਾ ਜੀਵਨ ਤੇ ਵਿਚਾਰਧਾਰਾ ਸਾਨੂੰ ਦ੍ਰਿੜ੍ਹ ਨਿਸ਼ਚੇ ਨਾਲ ਅਨਿਆਂ ਵਿਰੁੱਧ ਆਵਾਜ਼ ਉਠਾਉਣ ਲਈ ਪ੍ਰੇਰਦੀ ਹੈ। ਇਸ ਲਈ ਸਾਰੇ ਇਸ ਪਵਿੱਤਰ ਦਿਹਾੜੇ ਨੂੰ ਜਾਤ, ਰੰਗ, ਨਸਲ ਅਤੇ ਧਾਰਮਿਕ ਭੇਦਭਾਵ ਤੋਂ ਉਪਰ ਉਠ ਕੇ ਮਨਾਉਣ। ਉਪਰੰਤ ਪਿੰਡ ਹੈਬਤਪੁਰ ਵਿਖੇ ਇਕੱਠ ਨੂੰ ਸੰਬੋਧਨ ਕਰਦਿਆਂ ਉਹਨਾ ਨੇ ਕਿਹਾ ਕਿ ਭਾਜਪਾ ਹੀ ਇਕ ਅਜਿਹੀ ਪਾਰਟੀ ਹੈ ਜਿਸ ਨੇ ਦੇਸ਼ ਦੇ ਦੁਸ਼ਮਣਾਂ ਵਿਰੁੱਧ ਸਖ਼ਤ ਸਟੈਂਡ ਲਿਆ ਅਤੇ ਦੇਸ਼ ਵਿਰੋਧੀ ਤਾਕਤਾਂ ਨੂੰ ਮਜ਼ਬੂਤੀ ਨਾਲ ਹਰਾਇਆ। ਇਸੇ ਕਾਰਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਦ੍ਰਿੜਤਾ ਅਤੇ ਦੂਰਅੰਦੇਸ਼ੀ ਲਈ ਸਤਿਕਾਰ ਕਰਦੇ ਹਨ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਦੀ ਅਗਵਾਈ 'ਚ ਭਾਰਤ ਵਿਸ਼ਵ ਸ਼ਕਤੀ ਬਣ ਕੇ ਉਭਰੇਗਾ ਅਤੇ 4 ਜੂਨ ਤੋਂ ਬਾਅਦ ਇੰਡੀਆ ਗਠਜੋੜ ਦੇ ਨੇਤਾਵਾਂ ਲਈ ਭਾਰਤੀ ਰਾਜਨੀਤੀ 'ਚ ਕੋਈ ਥਾਂ ਨਹੀਂ ਰਹੇਗੀ। ਸੰਧੂ ਨੇ ਕਿਹਾ ਕਿ ਮਹਾਰਾਣੀ ਪ੍ਰਨੀਤ ਕੌਰ ਪੇਂਡੂ ਖੇਤਰਾਂ ਦੇ ਵਿਕਾਸ ਲਈ ਹਮੇਸ਼ਾ ਅੱਗੇ ਰਹੇ ਹਨ ਅਤੇ ਮੋਦੀ ਸਰਕਾਰ ਵੀ ਪੇਂਡੂ ਖੇਤਰਾਂ ਵੱਲ ਵਧ ਧਿਆਨ ਦਿੰਦੀ ਹੈ। ਕਿਓਂਕਿ ਦੇਸ਼ ਦੀ 70 ਪ੍ਰਤੀਸ਼ਤ ਆਬਾਦੀ ਪਿੰਡਾਂ ਵਿੱਚ ਰਹਿੰਦੀ ਹੈ।

ਇਸ ਲਈ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਹੇਠ ਮਹਾਰਾਣੀ ਪ੍ਰਨੀਤ ਕੌਰ ਹੀ ਪੰਜਾਬ ਦੇ ਪੇਂਡੂ ਖੇਤਰਾਂ ਵਿੱਚ ਵਿਕਾਸ ਕਰਾ ਸਕਦੇ ਹਨ। ਇਸ ਮੌਕੇ ਦੇਵ ਰਾਣਾ, ਰਵਿੰਦਰ ਵੈਸ਼ਨਵ, ਅਮਨ ਰਾਣਾ, ਪੁਸ਼ਪਿੰਦਰ ਮਹਿਤਾ, ਸ਼ਰੂਤੀ ਭਾਰਦਵਾਜ ਮੌਜੂਦ ਸਨ।

ਡਾ: ਗਾਂਧੀ ਦੀ ਜਿੱਤ ਯਕੀਨੀ ਬਣਾਉਣ ਲਈ ਹਲਕਾ ਡੇਰਾਬੱਸੀ 'ਚ ਕਾਂਗਰਸ ਹੋਈ ਪੱਬਾਂ ਭਾਰ

ਡੇਰਾ ਬਸੀ, 14 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਇਹ ਚੋਣ ਦੇਸ਼ ਦੀ ਇਤਿਹਾਸਕ ਚੋਣ ਹੈ। ਇਸ ਚੋਣ ਨੇ ਫੈਸਲਾ ਕਰਨਾ ਹੈ ਕਿ ਦੇਸ਼ ਵਿੱਚ ਸਮਾਜਿਕ ਅਤੇ ਧਾਰਮਿਕ ਸਦਭਾਵਨਾ ਬਚੇਗੀ ਜਾਂ ਖਤਮ ਹੋ ਜਾਵੇਗੀ। ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੀ ਤਾਨਾਸ਼ਾਹੀ ਅਤੇ ਲੋਕ ਵਿਰੋਧੀ ਮਾਨਸਿਕਤਾ ਨੂੰ ਸਿਰਫ਼ ਕਾਂਗਰਸ ਹੀ ਚੁਣੌਤੀ ਦੇ ਸਕਦੀ ਹੈ। ਇਸ ਲਈ ਅੱਜ ਲੋੜ ਹੈ ਕਾਂਗਰਸ ਨੂੰ ਮਜ਼ਬੂਤ ਕਰਨ ਦੀ। ਇਹ ਵਿਚਾਰ ਕਾਂਗਰਸ ਉਮੀਦਵਾਰ ਡਾ: ਧਰਮਵੀਰ ਗਾਂਧੀ ਦੇ ਹੱਕ ਵਿੱਚ ਚੋਣ ਮੁਹਿੰਮ ਨੂੰ ਹੋਰ ਤੇਜ਼ ਕਰਦਿਆਂ ਹਲਕਾ ਇੰਚਾਰਜ ਦੀਪਿੰਦਰ ਸਿੰਘ ਢਿੱਲੋ ਵੱਲੋ ਅੱਜ ਡੇਰਾਬੱਸੀ ਸਰਕਲ ਦੇ ਸਾਰੇ ਵਾਰਡ ਇੰਚਾਰਜਾਂ ਅਤੇ ਕੌਂਸਲਰਾਂ ਨਾਲ ਕੀਤੀ ਗਈ ਮੀਟਿੰਗ ਮੌਕੇ ਪ੍ਰਗਟਾਏ ਗਏ। ਇਸ ਮੌਕੇ ਸੰਬੋਧਨ ਕਰਦਿਆਂ ਉਹਨਾਂ ਕਿਹਾ

ਮਹਾਨ ਸਿੱਖ ਜਰਨੈਲ ਜੱਸਾ ਸਿੰਘ ਰਾਮਗੜ੍ਹੀਆ

ਗਿਆਨ ਸਿੰਘ

296 ਸਾਲ ਪਹਿਲਾਂ 5 ਮਈ 1723 ਈਸਵੀ ਨੂੰ ਜੱਸਾ ਸਿੰਘ ਰਾਮਗੜ੍ਹੀਆ ਨੇ ਮਾਤਾ ਗੰਗੋ ਜੀ ਅਤੇ ਪਿਤਾ ਸਰਦਾਰ ਭਗਵਾਨ ਸਿੰਘ ਦੇ ਘਰ ਪਿੰਡ ਈਚੋਗਿਲ ਜ਼ਿਲ੍ਹਾ ਲਾਹੌਰ ਵਿਖੇ ਜਨਮ ਲਿਆ। ਜੱਸਾ ਸਿੰਘ ਰਾਮਗੜ੍ਹੀਆ ਦਾ ਸਿੱਖ ਧਰਮ ਵਿਚ ਅਟੁੱਟ ਵਿਸ਼ਵਾਸ ਤੇ ਸ਼ਰਧਾ ਸੀ। ਉਹ ਬਹੁਤ ਸੁਘੜਵਾਨ ਤੇ ਦੂਰਦਰਸ਼ੀ ਸਨ। ਉਨ੍ਹਾਂ ਦਾ ਵਡੱਪਣ ਇਹ ਸੀ ਕਿ ਉਹ ਆਮ ਲੋਕਾਂ ਤੋਂ ਲੈ ਕੇ ਆਪਣੇ ਵਿਰੋਧੀਆਂ ਤਕ ਨਿਮਰਤਾ ਨਾਲ ਪੇਸ਼ ਆਉਂਦੇ ਸਨ।

ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਏ ਦੇ ਵੱਡੇ ਵਡੇਰਿਆਂ ਨੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਸੇਵਾ ਕੀਤੀ, ਜਿਸ ਕਰਕੇ ਜੱਸਾ ਸਿੰਘ ਰਾਮਗੜ੍ਹੀਆ ਨੂੰ ਗੁਰੂ ਘਰ ਦੀ ਸੇਵਾ ਅਤੇ ਜ਼ਬਰ-ਜ਼ੁਲਮ ਦੇ ਵਿਰੁਧ ਆਵਾਜ਼, ਮਜ਼ਲੂਮਾਂ ਦੀ ਰੱਖਿਆ ਦੀ ਗੁੜ੍ਹਤੀ ਮਿਲੀ। ਉਨ੍ਹਾਂ ਆਪਣੇ ਪਿਤਾ ਗਿਆਨੀ ਭਗਵਾਨ ਸਿੰਘ ਪਾਸੋਂ ਧਾਰਮਿਕ ਸਿੱਖਿਆ ਪ੍ਰਾਪਤ ਕੀਤੀ। ਗਿਆਨੀ ਭਗਵਾਨ ਸਿੰਘ ਉੱਚੇ ਆਚਰਣ ਵਾਲੇ ਕਿਰਤੀ ਤੇ ਸਿਦਕਵਾਨ ਸਿੱਖ ਸਨ। ਗਿਆਨੀ ਭਗਵਾਨ ਸਿੰਘ ਨੇ ਜੱਸਾ ਸਿੰਘ ਨੂੰ ਤਰਖਾਣਾ ਕੰਮ ਵਿਚ ਹੱਥ ਵਟਾਉਣ ਲਈ ਲਾਉਣਾ ਚਾਹਿਆ ਪ੍ਰੰਤੂ ਉਸ ਨੇ ਇਸ ਕੰਮ ਵਿਚ ਦਿਲਚਸਪੀ ਨਾ ਲਈ। ਨਾਦਰ ਸ਼ਾਹ ਦੇ ਹਮਲੇ ਕਾਰਨ ਉਨ੍ਹਾਂ ਦੇ ਪਰਿਵਾਰ ਨੂੰ ਪਿੰਡ ਛੱਡਣਾ ਪਿਆ।

1738 ਵਿਚ ਜਦੋਂ ਜ਼ਕਰੀਆ ਖ਼ਾਨ ਨੂੰ ਪਤਾ ਲਗਾ ਕਿ ਨਾਦਰ ਸ਼ਾਹ ਪੰਜਾਬ ਵਲ ਵੱਧ ਰਿਹਾ ਹੈ ਤਾਂ ਉਸ ਨੇ ਬਹਾਦਰ ਸਿੰਘਾਂ ਨਾਲ ਸੁਲਾਹ-ਸਫ਼ਾਈ ਕਰ ਕੇ ਨਾਦਰ ਸ਼ਾਹ ਦਾ ਟਾਕਰਾ ਕਰਨ ਲਈ ਮਦੱਦ ਲੈਣ ਲਈ ਸਿੱਖਾਂ ਨੂੰ ਜਾਗੀਰ ਤੇ ਖਿਲਅਤ ਪੇਸ਼ ਕੀਤੀ, ਜੋ ਸਿੱਖਾਂ ਨੇ ਸਰਬਸੰਮਤੀ ਨਾਲ ਪਰਵਾਨ ਕਰ ਕੇ ਨਵਾਬ ਕਪੂਰ ਸਿੰਘ ਨੂੰ ਦੇ ਦਿੱਤੀ। ਮਿੱਤਰਤਾ ਦੇ ਫ਼ੈਸਲੇ ਨੂੰ ਸਾਰੇ ਸਿੰਘਾਂ ਨੇ ਪ੍ਰਵਾਨ ਕਰ ਕੇ ਨਾਦਰ ਸ਼ਾਹ ਦੇ ਖ਼ਿਲਾਫ਼ ਜ਼ਕਰੀਆ ਖ਼ਾਨ ਦਾ ਸਾਥ ਦੇਣ ਦਾ ਪ੍ਰਣ ਲਿਆ। ਬਹੁਤ ਸਾਰੇ ਸਿੰਘ ਨਾਦਰ ਸ਼ਾਹ ਦੇ ਖ਼ਿਲਾਫ਼ ਫ਼ੌਜ ਵਿਚ ਭਰਤੀ ਹੋ ਗਏ, ਜਿਨ੍ਹਾਂ ਵਿਚ ਗਿਆਨੀ ਭਗਵਾਨ ਸਿੰਘ ਤੇ ਜੱਸਾ ਸਿੰਘ ਵੀ ਸ਼ਾਮਲ ਸਨ। ਨਾਦਰ ਸ਼ਾਹ ਤੇ ਜ਼ਕਰੀਆ ਖ਼ਾਨ ਦੀਆਂ ਫ਼ੌਜਾਂ ਵਿਚਕਾਰ 1738 ਈਸਵੀ ਵਿਚ ਵਜ਼ੀਰਾਬਾਦ ਜ਼ਿਲ੍ਹਾ ਗੁਜਰਾਂਵਾਲਾ (ਪਾਕਿਸਤਾਨ) ਨੇੜੇ ਟਾਕਰਾ ਹੋਇਆ। ਇਸ ਜੰਗ ਵਿਚ ਬਹਾਦਰੀ ਵਿਖਾਉਂਦਿਆਂ ਗਿਆਨੀ ਭਗਵਾਨ ਸਿੰਘ ਸ਼ਹੀਦ ਹੋ ਗਏ। ਜੱਸਾ ਸਿੰਘ ਦੀ ਉਸ ਵੇਲੇ ਉਮਰ 15 ਕੁ ਸਾਲ ਸੀ। ਜੱਸਾ ਸਿੰਘ ਇੰਨੀ ਦਲੇਰੀ, ਨਿਡਰਤਾ, ਸੂਰਬੀਰਤਾ ਤੇ ਹਿੰਮਤ ਨਾਲ ਲੜਿਆ ਕਿ ਜ਼ਕਰੀਆ ਖ਼ਾਨ ਵੀ ਪ੍ਰਭਾਵਿਤ ਹੋਣੋਂ ਨਾ ਰਹਿ ਸਕਿਆ। ਜ਼ਕਰੀਆ ਖ਼ਾਨ ਨੇ ਗਿਆਨੀ ਭਗਵਾਨ ਸਿੰਘ ਦੇ ਪਰਿਵਾਰ ਨੂੰ ਅੰਮ੍ਰਿਤਸਰ ਜ਼ਿਲ੍ਹੇ ਦੇ ਪੰਜ ਪਿੰਡ ਵੱਲਾ, ਵੇਰਕਾ, ਸੁਲਤਾਨਵਿੰਡ, ਤੁੰਗ ਤੇ ਚੱਬਾ ਜਗੀਰ ਵਜੋਂ ਦੇ ਦਿੱਤੇ ਤੇ ਜੱਸਾ ਸਿੰਘ ਨੂੰ ਰਸਾਲਦਾਰ ਦੀ ਪਦਵੀ। ਇਨ੍ਹਾਂ ਵਿੱਚੋਂ ਪਿੰਡ ਵੱਲ੍ਹਾ ਜੱਸਾ ਸਿੰਘ ਦੇ ਹਿੱਸੇ ਆਇਆ, ਜਿੱਥੋਂ ਉਨ੍ਹਾਂ ਦਾ ਰਾਜਨੀਤਿਕ ਜੀਵਨ ਆਰੰਭ ਹੋਇਆ। ਇਸ ਪਿੰਡ ਵਿਚ ਰਹਿੰਦਿਆਂ ਜਲੰਧਰ ਦੁਆਬੇ ਦੇ ਫ਼ੌਜਦਾਰ ਅਦੀਨਾ ਬੇਗ਼ ਨਾਲ ਹੱਦਾਂ ਦੀ ਵੰਡ ਨੂੰ ਲੈ ਕੇ ਨੌਰੰਗਾਬਾਦ ਦੇ ਆਸ-ਪਾਸ ਲੜਾਈ ਲੜੀ ਗਈ ਜੋ, ਵੱਲ੍ਹੇ ਦੀ ਲੜਾਈ ਕਰਕੇ ਮਸ਼ਹੂਰ ਹੈ। ਸਿੱਖਾਂ ਨੇ ਆਪਣੀ ਫ਼ੌਜ ਜੱਥੇਬੰਦ ਕਰ ਲਈ। ਅਦੀਨਾ ਬੇਗ਼ ਬਹੁਤ ਚਲਾਕ ਹਾਕਮ ਸੀ। ਉਹ ਸਰਦਾਰ ਜੱਸਾ ਸਿੰਘ ਦੀ ਸੂਰਮਤਾਈ ਤੇ ਸਿਆਣਪ ਜਾਣ ਚੁੱਕਾ ਸੀ, ਇਸ ਲਈ ਵੈਰ ਵਧਾਉਣ ਦੀ ਬਜਾਏ ਉਸ ਦੀ ਤਾਕਤ ਦਾ ਫ਼ਾਇਦਾ ਲੈਣ ਦੀ ਰਣਨੀਤੀ ਅਪਣਾਈ। ਜੱਸਾ ਸਿੰਘ ਨੂੰ ਆਪਣੀ ਫ਼ੌਜ ਵਿੱਚ ਭਰਤੀ ਕਰ ਕੇ 500 ਘੋੜ ਸਵਾਰਾਂ ਦਾ ਆਗੂ ਨਿਯੁਕਤ ਕਰ ਦਿੱਤਾ। ਇਧਰ, ਸਿੱਖ ਸਰਦਾਰ ਵੀ ਸਰਦਾਰ ਜੱਸਾ ਸਿੰਘ ਨੂੰ ਅਦੀਨਾ ਬੇਗ਼ ਨਾਲ ਗੱਲਬਾਤ ਕਰਨ ਲਈ ਆਪਣੇ ਸਫ਼ੀਰ ਦੇ ਤੌਰ 'ਤੇ ਰੱਖਣਾ ਚਾਹੁੰਦੇ ਸਨ, ਸਿਰਫ਼ ਸਰਦਾਰ ਜੱਸਾ ਸਿਘ ਆਹਲੂਵਾਲੀਆ ਹੀ ਅਦੀਨਾਬੇਗ ਨਾਲ ਸੁਲਾਹ ਦੇ ਖ਼ਿਲਾਫ਼ ਸੀ।

1747 ਈਸਵੀ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਲੇ ਮਹੱਲੇ ਤੋਂ ਪਿੱਛੋਂ ਵਿਸਾਖੀ 'ਤੇ ਭਾਰੀ ਇਕੱਠ ਹੋਇਆ। ਇਸ ਵਿਚ ਉੱਘੇ ਸਿੱਖ ਆਗੂਆਂ ਨੇ ਫ਼ੈਸਲਾ ਕੀਤਾ ਕਿ ਅੰਮ੍ਰਿਤਸਰ ਸ਼ਹਿਰ ਤੇ ਸ੍ਰੀ ਹਰਿਮੰਦਰ ਸਾਹਿਬ ਦੀ ਰਾਖੀ ਲਈ ਕਿਲ੍ਹੇ

ਵਿਸ਼ੇਸ਼

ਉਸਾਰਨੇ ਚਾਹੀਦੇ ਹਨ। ਇਸ ਫ਼ੈਸਲੇ ਪਿੱਛੋਂ ਪਹਿਲਾ ਕਿਲ੍ਹਾ ਅੰਮ੍ਰਿਤਸਰ ਦੀ ਧਰਤੀ 'ਤੇ ਉਸਾਰਨ ਲਈ 1748 ਈਸਵੀ ਨੂੰ ਸ਼ਹਿਰ ਦੇ ਪੂਰਬ ਵਾਲੇ ਪਾਸੇ ਕੰਮ ਸ਼ੁਰੂ ਕਰ ਕੇ 500 ਯੋਧਿਆਂ ਦੇ ਰਹਿਣ ਲਈ ਗੜ੍ਹੀ ਤਿਆਰ ਕਰ ਦਿੱਤੀ ਗਈ। ਇਸ ਦਾ ਨਾਂ 'ਰਾਮਰੌਣੀ' ਰੱਖਿਆ ਗਿਆ। 1748 ਨੂੰ ਅਹਿਮਦ ਸ਼ਾਹ ਅਬਦਾਲੀ ਨੇ ਪੰਜਾਬ ਉਤੇ ਪਹਿਲੀ ਵਾਰ ਹਮਲਾ ਕੀਤਾ ਤੇ ਇਸ ਨੂੰ ਮੁਈਨ-ਉਲ-ਮੁਲਕ ਨੇ ਮਨੂੰਪੁਰ ਦੇ ਅਸਥਾਨ ਤੇ ਭਾਰੀ ਹਾਰ ਦਿੱਤੀ, ਜਿਸ ਤੋਂ ਬਾਦਸ਼ਾਹ ਨੇ ਖ਼ੁਸ਼ ਹੋ ਕੇ ਉਸ ਨੂੰ ਮੀਰ-ਮਨੂੰ ਦਾ ਖ਼ਿਤਾਬ ਦੇ ਕੇ ਪੰਜਾਬ ਦਾ ਗਵਰਨਰ ਥਾਪ ਦਿੱਤਾ। ਮੀਰ ਮਨੂੰ ਸਿੱਖਾਂ ਦੀ ਵਧਦੀ ਤਾਕਤ ਤੇ ਰਾਮ ਰੌਣੀ ਨੂੰ ਦੇਖ ਕੇ ਘਬਰਾ ਗਿਆ ਤੇ ਆਪਣੀ ਗੱਦੀ ਕਾਇਮ ਰੱਖਣ ਲਈ ਸਿੱਖਾਂ ਨੂੰ ਖਤਮ ਕਰਨ ਦੀ ਨੀਤੀ ਅਪਣਾਈ। ਅਮਨ ਕਾਇਮ ਕਰਨ ਦੇ ਬਹਾਨੇ ਉਸ ਨੇ ਇਲਾਕੇ ਵਿਚ ਗਸ਼ਤੀ ਦਲ ਭੇਜ ਕੇ ਸਿੰਘਾਂ ਦੇ ਕਤਲੇਆਮ ਦਾ ਹੁਕਮ ਚਾੜ੍ਹ ਦਿੱਤਾ।

ਸਰਦਾਰ ਜੱਸਾ ਸਿੰਘ ਨੇ ਰਾਮ ਰੌਣੀ ਨੂੰ ਪੱਕੇ ਕਿਲ੍ਹੇ ਦੀ ਸ਼ਕਲ ਦਿੱਤੀ ਤੇ ਇਸ ਦਾ ਨਾਂ 'ਰਾਮਗੜ੍ਹ' ਰੱਖਿਆ, ਜਿਸ ਤੋਂ ਉਨ੍ਹਾਂ ਨੂੰ ਜੱਸਾ ਸਿੰਘ ਰਾਮਗੜ੍ਹੀਆ ਦੇ ਨਾਂ ਨਾਲ ਜਾਣਿਆ ਜਾਣ ਲੱਗਾ। ਉਨ੍ਹਾਂ ਨੇ ਕਰੀਬ 360 ਕਿਲ੍ਹੇ ਅਤੇ ਹਰਿਮੰਦਰ ਸਾਹਿਬ ਦੀ ਰਾਖੀ ਲਈ ਰਾਮਗੜ੍ਹੀਆ ਬੁੰਗਾ ਤੇ ਦੋ ਮਿਨਾਰ ਬਣਵਾਏ...

ਸਿੰਘ ਜੰਗਲਾਂ 'ਚ ਰੂਪੋਸ਼ ਹੋ ਗਏ। ਕੁਝ ਚੋਣਵੇਂ ਸਿੰਘ ਹਰਿਮੰਦਰ ਸਾਹਿਬ ਦੀ ਰਾਖੀ ਹਿਤ ਰਾਮ ਰੌਣੀ ਵਿਚ ਜਮਾਂ ਹੋ ਗਏ। ਮੀਰ ਮਨੂੰ ਨੂੰ ਜਦ ਇਸ ਗੱਲ ਦੀ ਖ਼ਬਰ ਮਿਲੀ ਤਾਂ ਉਸ ਨੇ ਆਪਣੀਆਂ ਫ਼ੌਜਾਂ ਨੂੰ ਰਾਮ ਰੌਣੀ ਨੂੰ ਘੇਰਨ ਦਾ ਹੁਕਮ ਦੇ ਦਿੱਤਾ ਤੇ ਨਾਲ ਹੀ ਅਦੀਨਾ ਬੇਗ਼ ਨੂੰ ਵੀ ਫ਼ੌਜ ਸਮੇਤ ਅੰਮ੍ਰਿਤਸਰ ਪਹੁੰਚਣ ਲਈ ਕਿਹਾ। ਹੁਣ ਮਜਬੂਰ ਹੋ ਕੇ ਅਦੀਨਾ ਬੇਗ਼ ਨੂੰ ਜੱਸਾ ਸਿੰਘ ਨੂੰ ਨਾਲ ਲੈ ਕੇ ਰਾਮ ਰੌਣੀ ਦੇ ਘੇਰੇ ਵਿਚ ਸ਼ਾਮਲ ਹੋਣਾ ਪਿਆ। ਕਰੀਬ ਛੇ ਮਹੀਨੇ ਘੇਰਾ ਪਿਆ ਰਿਹਾ, ਰਾਮ ਰੌਣੀ ਅੰਦਰ ਰਾਸ਼ਨ ਮੁੱਕਣ ਨਾਲ ਸਿੰਘਾਂ ਦੀ ਹਾਲਤ ਮਾੜੀ ਹੋ ਗਈ। ਇਸ ਦੌਰਾਨ ਸਿੰਘਾਂ ਨੂੰ ਪਤਾ ਲਗਾ ਕਿ ਮੁਗ਼ਲ ਫ਼ੌਜ ਵਿਚ ਸਰਦਾਰ ਜੱਸਾ ਸਿੰਘ ਵੀ ਆਪਣੇ ਸਾਥੀਆਂ ਨਾਲ ਸ਼ਾਮਲ ਹੈ ਤਾਂ ਉਨ੍ਹਾਂ ਨੇ ਉਸ ਨੂੰ ਸੁਨੇਹਾ ਘੱਲਿਆ ਕਿ ਇਸ ਵੇਲੇ ਅਸੀਂ ਮੁਸੀਬਤ ਵਿਚ ਹਾਂ ਤੇ ਸਾਡੀ ਮਦਦ ਕਰੋ। ਇਹ ਜਾਣਕੇ ਸਰਦਾਰ ਜੱਸਾ ਸਿੰਘ ਮੁਗ਼ਲ ਫ਼ੌਜ ਦਾ ਸਾਥ ਛੱਡ ਕੇ ਆਪਣੇ ਸਾਰੇ ਸਾਥੀਆਂ ਸਮੇਤ ਰਾਮ ਰੌਣੀ ਵਿਚ ਆ ਗਿਆ। ਇਸ ਤਰ੍ਹਾਂ ਕਰਨ ਨਾਲ ਸਿੱਖ ਫ਼ੌਜ ਦੇ ਹੌਸਲੇ ਦੁਗਣੇ ਹੋ ਗਏ ਤੇ ਮੁਗ਼ਲ ਫ਼ੌਜ ਦੇ ਹੌਸਲੇ ਪਸਤ ਹੋ ਗਏ। ਉਧਰੋਂ ਅਹਿਮਦ ਸ਼ਾਹ ਅਬਦਾਲੀ ਦੇ ਮੁੜ ਹਮਲੇ ਦੀ ਖ਼ਬਰ ਨੇ ਮੀਰ ਮਨੂੰ ਨੂੰ ਸਿੱਖਾਂ ਨਾਲ ਸਮਝੌਤਾ ਕਰਨ ਲਈ ਮਜਬੂਰ ਕਰ ਦਿੱਤਾ। ਉਸ ਨੇ ਦਿਵਾਨ ਕੌੜਾ ਮੱਲ ਰਾਹੀਂ ਸਿੱਖਾਂ ਨਾਲ ਸੁਲਹ ਕਰ ਕੇ ਰਾਮ ਰੌਣੀ ਦਾ ਘੇਰਾ ਚੁੱਕ ਲਿਆ। ਇਸ ਤੋਂ ਬਾਅਦ ਸਿੱਖ ਸਰਦਾਰਾਂ ਨੇ ਇਸ ਜਿੱਤ ਦੀ ਖ਼ੁਸ਼ੀ ਮਨਾਈ ਤੇ ਸਰਦਾਰ ਜੱਸਾ ਸਿੰਘ ਦੀ ਇਸ ਔਖੇ ਸਮੇਂ ਕੌਮ ਦੀ ਮਦਦ ਕਰਨ ਲਈ ਬਹੁਤ ਪ੍ਰਸ਼ੰਸਾ ਕੀਤੀ ਤੇ ਉਸ ਨੂੰ ਰਾਮ ਰੌਣੀ ਦੀ ਜਥੇਦਾਰੀ ਸੌਂਪ ਦਿੱਤੀ।

ਸਰਦਾਰ ਜੱਸਾ ਸਿੰਘ ਨੇ ਜਥੇਦਾਰੀ ਮਿਲਣ ਤੋਂ ਬਾਅਦ ਰਾਮ ਰੌਣੀ ਨੂੰ ਪੱਕੇ ਕਿਲ੍ਹੇ ਦੀ ਸ਼ਕਲ ਦਿੱਤੀ ਤੇ ਇਸ ਦਾ ਨਾਂ 'ਰਾਮਗੜ੍ਹ' ਰੱਖਿਆ। ਹੁਣ ਕਿਲ੍ਹਾ 'ਰਾਮਗੜ੍ਹ' ਮੁਗ਼ਲਾਂ ਦੀਆਂ ਅੱਖਾਂ 'ਚ ਰੜਕਣ ਲਗਾ। ਰਾਮਗੜ੍ਹ ਕਿਲ੍ਹੇ ਨੂੰ ਢਾਹੁਣ ਤੇ ਵਾਰ-ਵਾਰ ਉਸਾਰਨ ਤੇ ਇਸ ਦੀ ਰਾਖੀ ਲਈ ਲੜਦਿਆਂ ਸਰਦਾਰ ਜੱਸਾ ਸਿੰਘ ਤੇ ਬਾਕੀ ਸਿੰਘਾਂ ਨੂੰ ਰਾਮਗੜ੍ਹ ਕਿਲ੍ਹੇ ਵਾਲੇ ਕਹਿ ਕੇ ਮਾਣ ਦਿੱਤਾ ਜਾਣ ਲੱਗਾ। ਸਰਦਾਰ ਜੱਸਾ ਸਿੰਘ ਨੂੰ ਹੁਣ 'ਰਾਮਗੜ੍ਹੀਆ' ਆਖਿਆ ਜਾਣ ਲਗਾ। ਜਦੋਂ ਸਿੱਖ ਬਾਰਾਂ ਮਿਸਲਾਂ 'ਚ ਵੰਡੇ ਗਏ ਤਾਂ ਜੱਸਾ ਸਿੰਘ ਉਸ ਵੇਲੇ ਸਰਦਾਰ ਨੰਦ ਸਿੰਘ ਸੰਘਾਣੀਆ ਦੀ ਮਿਸਲ 'ਚ ਸੀ ਤੇ ਸੰਘਾਣੀਆ ਦੀ ਮੌਤ ਦੇ ਬਾਅਦ ਜੱਸਾ ਸਿੰਘ ਨੂੰ ਮਿਸਲ ਦਾ ਮੁਖੀ ਥਾਪਿਆ ਗਿਆ ਜੋ ਬਾਅਦ ਵਿਚ 'ਰਾਮਗੜ੍ਹੀਆ ਮਿਸਲ' ਵਜੋਂ ਮਸ਼ਹੂਰ ਹੋਈ। ਜੱਸਾ ਸਿੰਘ ਰਾਮਗੜ੍ਹੀਆ ਨੇ ਬਹਾਦਰੀ, ਸਿਆਣਪ, ਦੂਰਅੰਦੇਸ਼ੀ ਨਾਲ ਇਸ ਮਿਸਲ ਨੂੰ ਸਾਰੀਆਂ ਮਿਸਲਾਂ ਨਾਲੋਂ ਤਾਕਤਵਰ ਬਣਾਇਆ ਤੇ ਇਲਾਕਿਆਂ ਦਾ ਵਿਸਤਾਰ ਕਰ ਕੇ ਮਹਾਰਾਜੇ ਦਾ ਦਰਜਾ ਪ੍ਰਾਪਤ ਕੀਤਾ।

ਆਪਣੇ ਰਾਜ ਵਿਚ ਜੱਸਾ ਸਿੰਘ ਰਾਮਗੜ੍ਹੀਆ ਨੇ ਕਰੀਬ 360 ਕਿਲ੍ਹੇ ਤੇ ਹਰਿਮੰਦਰ ਸਾਹਿਬ ਦੀ ਰਾਖੀ ਲਈ ਰਾਮਗੜ੍ਹੀਆ ਬੁੰਗਾ ਤੇ ਦੋ ਮਿਨਾਰ ਬਣਵਾਏ। ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਏ ਦੀਆਂ ਜਿੱਤਾਂ ਨਾਲ ਫ਼ੌਜੀ ਤਾਕਤ 'ਚ ਵਾਧੇ ਕਾਰਨ ਦੂਜੀਆਂ ਮਿਸਲਾਂ ਉਨ੍ਹਾਂ ਨਾਲ ਈਰਖਾ ਕਰਨ ਲਗੀਆਂ। ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦੀ ਰਾਮਗੜ੍ਹੀਆਂ ਹੱਥੋਂ ਗ੍ਰਿਫ਼ਤਾਰੀ ਤੇ ਸਰਦਾਰ ਚੜ੍ਹਤ ਸਿੰਘ ਸ਼ੁਕਰਚੱਕੀਏ ਦੀ ਹਾਰ ਨੇ ਬਾਕੀ ਮਿਸਲਾਂ ਦੇ ਗਠਜੋੜ ਦਾ ਮੁੱਢ ਬੰਨ੍ਹਿਆ। ਇਨ੍ਹਾਂ ਨੇ ਰਾਮਗੜ੍ਹੀਆਂ ਦੇ ਸਾਰੇ ਇਲਾਕਿਆਂ ਉੱਪਰ 1776 ਈਸਵੀ ਨੂੰ ਕਬਜ਼ਾ ਕਰ ਲਿਆ। ਰਾਮਗੜ੍ਹੀਆ ਸਰਦਾਰ ਆਪਣਾ ਇਲਾਕਾ ਛੱਡ ਕੇ ਆਪਣੇ ਚੋਣਵੇ ਯੋਧਿਆਂ ਨਾਲ ਸਤਲੁਜ ਤੋਂ ਪਾਰ ਚਲਾ ਗਿਆ, ਜਿੱਥੇ ਪਟਿਆਲਾ ਰਿਆਸਤ ਦੇ ਰਾਜੇ ਸਰਦਾਰ ਅਮਰ ਸਿੰਘ ਨੇ ਉਸ ਨਾਲ ਦੋਸਤੀ ਦਾ ਹੱਥ ਵਧਾਇਆ ਕਿਉਂਕਿ ਉਹ ਜੱਸਾ ਸਿੰਘ ਦੀ ਬਹਾਦਰੀ, ਤਾਕਤ, ਸਿਆਣਪ ਤੇ ਯੁੱਧ ਕੁਸ਼ਲਤਾ ਨੂੰ ਜਾਣਦਾ ਸੀ। ਰਾਜਾ ਉਸ ਨੂੰ ਆਪਣੇ ਵਿਰੋਧੀਆਂ ਖ਼ਿਲਾਫ਼ ਮਦਦ ਲਈ ਵਰਤਣਾ ਚਾਹੁੰਦਾ ਸੀ। ਇਸ ਲਈ ਉਨ੍ਹਾਂ ਹਾਂਸੀ ਤੇ ਹਿਸਾਰ ਦਾ ਇਲਾਕਾ ਜਗੀਰ ਵਜੋਂ ਦੇ ਦਿੱਤਾ।

ਸਿੱਖ ਫ਼ੌਜ ਨੇ ਦਿੱਲੀ 'ਤੇ ਹਮਲਾ ਕੀਤਾ ਤਾਂ ਇਕ ਪਾਸਿਓਂ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਆਪਣੀਆਂ ਫ਼ੌਜਾਂ ਨਾਲ ਤੇ ਦੂਸਰੇ ਪਾਸਿਓਂ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਤੇ ਸਰਦਾਰ ਬਘੇਲ ਸਿੰਘ ਵੀ ਆਪਣੀਆਂ ਫ਼ੌਜਾਂ ਸਮੇਤ ਪਹੁੰਚੇ। ਸਿੱਖ ਫ਼ੌਜਾਂ ਨੇ 11 ਮਾਰਚ 1783 ਨੂੰ ਦਿੱਲੀ ਦੇ ਲਾਲ ਕਿਲ੍ਹੇ ਵਿਚ ਦਾਖ਼ਲ ਹੋ ਕੇ ਕਿਲ੍ਹੇ ਉੱਪਰ ਕਬਜ਼ਾ ਕਰ ਕੇ ਕੇਸਰੀ ਨਿਸ਼ਾਨ ਲਹਿਰਾਇਆ। ਮੁਗ਼ਲਾਂ ਦੇ ਰਾਜ ਨੂੰ ਜੜ੍ਹੋਂ ਪੁੱਟਣ ਲਈ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਨੇ ਮੁਗ਼ਲਾਂ ਦੀ ਤਾਜਪੋਸ਼ੀ ਵਾਲੀ ਪੱਥਰ ਦੀ ਸਿਲ ਅਤੇ ਬਾਰਾਂਦਰੀ ਦੇ 44 ਥੰਮ ਪੁੱਟ ਕੇ ਆਪਣੇ ਨਾਲ ਲੈ ਆਂਦੇ, ਜੋ ਅੱਜ ਵੀ ਰਾਮਗੜ੍ਹੀਆ ਬੁੰਗਾ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਲਗੇ ਹੋਏ ਹਨ। ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਨੇ ਪੰਜਾਬ ਵਾਪਸ ਆਕੇ ਦੁਬਾਰਾ ਰਾਮਗੜ੍ਹੀਆ ਮਿਸਲ ਦੀ ਸ਼ਾਨ ਬਹਾਲ ਕਰ ਲਈ।

ਅਖ਼ੀਰ 8 ਅਗਸਤ 1803 ਨੂੰ ਜੱਸਾ ਸਿੰਘ ਰਾਮਗੜ੍ਹੀਆ ਆਪਣੀ ਰਾਜਧਾਨੀ ਸ੍ਰੀ ਹਰਗੋਬਿੰਦਪੁਰ ਵਿਖੇ ਕੁਝ ਸਮਾਂ ਬਿਮਾਰ ਰਹਿਣ ਮਗਰੋਂ 80 ਸਾਲ ਦੀ ਉਮਰ 'ਚ ਸਵਰਗਵਾਸ ਹੋ ਗਏ। •

98157-84100

ਖਿਦਰਾਣੇ ਕੋ ਮੁਕਤਸਰ ਕੀਨਾ

ਕਰਨੈਲ ਸਿੰਘ ਐੱਮਏ

ਗੁਰਦੁਆਰਾ ਸ਼ਹੀਦ ਗੰਜ ਸਾਹਿਬ, ਗੁਰਦੁਆਰਾ ਟੂੱਟੀ ਗੰਢੀ ਸਾਹਿਬ ਮੁਕਤਸਰ ਦੇ ਪਿੱਛੇ ਲਹਿੰਦੇ ਪਾਸੇ ਵੱਲ ਹੈ। ਜਿੱਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਹੱਥੀ ਅੰਗੀਠਾ ਤਿਆਰ ਕਰ ਕੇ 40 ਮੁਕਤਿਆਂ ਤੇ ਹੋਰ ਸ਼ਹੀਦ ਸਿੰਘਾਂ ਦਾ ਸਸਕਾਰ ਕੀਤਾ ਸੀ। ਇਨ੍ਹਾਂ ਮੁਕਤਿਆਂ ਦੀ ਯਾਦ ਵਿਚ ਹਰ ਸਾਲ 1, 2 ਅਤੇ 3 ਮਈ ਨੂੰ ਸ਼ਹੀਦੀ ਦਿਹਾੜਾ ਮਨਾਇਆ ਜਾਂਦਾ ਹੈ।

ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਸੰਨ 1704 ਵਿਚ ਅਨੰਦਪੁਰ ਸਾਹਿਬ ਵਿਚ ਕਿਲ੍ਹਾ ਅਨੰਦਗੜ੍ਹ ਵਿਖੇ ਮੁਗ਼ਲ ਫ਼ੌਜਾਂ ਨਾਲ ਯੁੱਧ ਲੜ ਰਹੇ ਸਨ। ਦੁਸ਼ਮਣ ਫ਼ੌਜ ਨੇ ਚਾਰੇ ਪਾਸਿਓਂ ਘੇਰਾ ਪਾ ਲਿਆ ਅਤੇ ਬਾਹਰੋਂ ਰਸਦ-ਪਾਣੀ ਕਿਲ੍ਹੇ ਦੇ ਅੰਦਰ ਨਾ ਜਾਣ ਦਿੱਤਾ ਕਿਉਂਕਿ ਉਨ੍ਹਾਂ ਨੂੰ ਉਮੀਦ ਸੀ ਕਿ ਭੁੱਖ ਨਾਲ ਮਰਦੇ ਸਿੰਘ ਲੜਾਈ ਨਹੀਂ ਲੜ ਸਕਣਗੇ ਅਤੇ ਬਾਹਰ ਆ ਜਾਣਗੇ। ਜਦੋਂ ਲੰਮਾ ਸਮਾਂ ਕਿਲ੍ਹੇ ਨੂੰ ਘੇਰਾ ਪਿਆ ਤਾਂ ਭੁੱਖ ਤੋਂ ਤੰਗ ਆਏ ਸਿੰਘਾਂ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਉਹ ਜੰਗ ਨਹੀਂ ਲੜ ਸਕਦੇ ਅਤੇ ਉਹ ਘਰਾਂ ਨੂੰ ਜਾਣਾ ਚਾਹੁੰਦੇ ਹਨ। ਗੁਰੂ ਸਾਹਿਬ ਨੇ ਸਿੰਘਾਂ ਨੂੰ ਹੌਸਲਾ ਦਿੰਦੇ ਹੋਏ ਕਿਹਾ ਕਿ ਕੁਝ ਦਿਨਾਂ ਦੀ ਗੱਲ ਹੈ, ਪਰ ਸਿੰਘਾਂ ਨੇ ਉੱਤਰ ਦ

ਸੰਪਾਦਕੀ

ਪਰਵਾਸੀ ਭਾਰਤੀਆਂ ਦੀ ਕਮਾਈ

ਬਹੁਤ ਸਾਰੇ ਹੋਰ ਦੇਸ਼ਾਂ ਵਿੱਚ ਵਸਦੇ ਭਾਰਤੀਆਂ ਵੱਲੋਂ ਕਮਾਈ ਕਰ ਕੇ ਦੇਸ਼ ਵਿੱਚ ਆਪਣੇ ਪਰਿਵਾਰਾਂ ਅਤੇ ਵਾਰਸਾਂ ਲਈ ਧਨ ਭੇਜਿਆ ਜਾਂਦਾ ਹੈ ਅਤੇ ਇਸ ਮਾਮਲੇ ਵਿੱਚ ਭਾਰਤ ਨੂੰ ਕਿਸੇ ਵੀ ਦੇਸ਼ ਦੇ ਮੁਕਾਬਲੇ ਜਿ ?ਆਦਾ ਧਨ ਪ੍ਰਾਪਤ ਹੁੰਦਾ ਹੈ। ਸਾਲ 2022 ਵਿੱਚ ਪਰਵਾਸੀ ਭਾਰਤੀਆਂ ਨੇ 111 ਅਰਬ ਡਾਲਰ ਦੀ ਕਮਾਈ ਆਪਣੇ ਦੇਸ਼ ਭੇਜੀ ਸੀ। ਇਹ ਅੰਕੜਾ ਦਰਸਾਉਂਦਾ ਹੈ ਕਿ ਦੁਨੀਆ ਦੇ ਵੱਖ-ਵੱਖ ਦੇਸ਼ਾਂ ਵਿੱਚ ਕੰਮ ਕਰਦੇ ਅਤੇ ਵਸਦੇ ਪਰਵਾਸੀ ਭਾਰਤੀਆਂ ਦਾ ਸਾਡੇ ਆਪਣੇ ਅਰਥਚਾਰੇ ਵਿੱਚ ਕਿੱਡਾ ਵੱਡਾ ਯੋਗਦਾਨ ਹੈ। ਪਰਵਾਸੀਆਂ ਬਾਰੇ ਕੌਮਾਂਤਰੀ ਸੰਗਠਨ ਦੀ ਸਾਲ 2024 ਦੀ ਆਲਮੀ ਪਰਵਾਸ ਰਿਪੋਰਟ ਵਿੱਚ ਭਾਰਤ, ਮੈਕਸਿਕੋ, ਚੀਨ, ਫਿਲਪੀਨਜ਼ ਅਤੇ ਫਰਾਂਸ ਜਿਹੇ ਦੇਸ਼ਾਂ 'ਤੇ ਝਾਤ ਪਵਾਈ ਗਈ ਹੈ ਜਿਨ੍ਹਾਂ ਦੇ ਪਰਵਾਸੀ ਸਭ ਤੋਂ ਵੱਧ ਧਨ ਕਮਾ ਕੇ ਆਪਣੇ ਮੂਲ ਦੇਸ਼ ਵਿੱਚ ਭੇਜਦੇ ਹਨ। ਇਸ ਮਾਮਲੇ ਵਿੱਚ ਭਾਰਤ ਦੀ ਸਥਿਤੀ ਵਿੱਚ ਬਿਹਤਰੀ ਹੁੰਦੀ ਰਹੀ ਹੈ ਜਿਸ ਤੋਂ ਪਤਾ ਲਗਦਾ ਹੈ ਕਿ ਪਰਵਾਸੀ ਭਾਰਤੀਆਂ ਦੀ ਆਪਣੀ ਸਰਜ਼ਮੀਨ ਨਾਲ ਸਾਂਝ ਲਗਾਤਾਰ ਬਣੀ ਹੋਈ ਹੈ।

ਇਸ ਪ੍ਰਾਪਤੀ ਦਾ ਜਸ਼ਨ ਮਨਾਉਂਦੇ ਹੋਏ ਇਹ ਵੀ ਜ਼ਰੂਰੀ ਹੈ ਕਿ ਅਸੀਂ ਪਰਵਾਸੀ ਭਾਰਤੀਆਂ ਨੂੰ ਦਰਪੇਸ਼ ਚੁਣੌਤੀਆਂ ਵੱਲ ਵੀ ਢੁਕਵਾਂ ਧਿਆਨ ਦੇਈਏ। ਸੰਯੁਕਤ ਰਾਸ਼ਟਰ ਦੀ ਰਿਪੋਰਟ ਵਿੱਚ ਇਹ ਗੱਲ ਆਖੀ ਗਈ ਹੈ ਕਿ ਪਰਵਾਸੀਆਂ ਨੂੰ ਵਿੱਤੀ ਸੋਸ਼ਣ, ਪਰਵਾਸ ਦੀਆਂ ਲਾਗਤਾਂ ਵਧਣ ਕਰ ਕੇ ਕਰਜ਼ੇ ਦੀ ਸਮੱਸਿਆ, ਬੇਗਾਨਗੀ ਦੀ ਭਾਵਨਾ ਅਤੇ ਕੰਮ-ਕਾਜ ਦੀਆਂ ਥਾਵਾਂ 'ਤੇ ਮਾੜੇ ਵਿਹਾਰ ਜਿਹੀਆਂ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਗਲਫ਼ ਕੋਆਪਰੇਸ਼ਨ ਕੌਂਸਲ ਦੇ ਮੈਂਬਰ ਦੇਸ਼ਾਂ ਵਿੱਚ ਜਿੱਥੇ ਵੱਡੀ ਗਿਣਤੀ ਵਿੱਚ ਪਰਵਾਸੀ ਭਾਰਤੀ ਕੰਮ ਕਰਦੇ ਹਨ ਅਤੇ ਰਹਿੰਦੇ ਹਨ, ਉੱਥੇ ਉਨ੍ਹਾਂ ਦੇ ਅਧਿਕਾਰਾਂ ਦੀਆਂ ਉਲੰਘਣਾ ਹੋਣ ਦੀਆਂ ਰਿਪੋਰਟਾਂ ਆਉਂਦੀਆਂ ਹਨ। ਕੋਵਿਡ-19 ਦੀ ਮਹਾਮਾਰੀ ਨੇ ਪਰਵਾਸੀ ਕਾਮਿਆਂ ਦੀਆਂ ਹਾਲਤਾਂ ਹੋਰ ਵੀ ਅਣਸੁਖਾਵੀਆਂ ਬਣਾ ਦਿੱਤੀਆਂ ਹਨ ਖ਼ਾਸ ਕਰ ਕੇ ਘੱਟ ਹੁਨਰਮੰਦ ਅਤੇ ਗ਼ੈਰ-ਰਸਮੀ ਖੇਤਰਾਂ ਵਿਚ ਕੰਮ ਕਰਨ ਵਾਲੇ ਕਾਮਿਆਂ ਲਈ। ਨੌਕਰੀਆਂ ਖੁੱਸਣ, ਤਨਖਾਹ ਦੀ ਰਕਮ ਚੋਰੀ ਹੋਣ ਅਤੇ ਸਮਾਜਿਕ ਸੁਰੱਖਿਆ ਦੀ ਘਾਟ ਕਰ ਕੇ ਬਹੁਤ ਸਾਰੇ ਪਰਵਾਸੀ ਕਾਮੇ ਡੂੰਘੀ ਅਸੁਰੱਖਿਆ ਦੇ ਮਾਹੌਲ ਵਿੱਚ ਰਹਿੰਦੇ ਹਨ ਅਤੇ ਉਨ੍ਹਾਂ ਦੇ ਸਿਰ 'ਤੇ ਕਰਜ਼ੇ ਦਾ ਬੋਝ ਵਧ ਜਾਂਦਾ ਹੈ ਜਿਸ ਕਰ ਕੇ ਕੌਮੀ ਅਤੇ ਕੌਮਾਂਤਰੀ ਪੱਧਰ 'ਤੇ ਪਰਵਾਸ ਦੇ ਪੈਟਰਨ ਤਬਦੀਲ ਹੋ ਰਹੇ ਹਨ; ਖ਼ਾਸ ਤੌਰ 'ਤੇ ਪੁਰਸ਼ਾਂ 'ਚ ਪੁੱਠੇ ਅੰਦਰੂਨੀ ਪਰਵਾਸ ਨੇ ਕਿਰਤ ਪ੍ਰਣਾਲੀ 'ਚ ਵੱਡੀ ਤਬਦੀਲੀ ਦਾ ਸੰਕੇਤ ਦਿੱਤਾ ਹੈ ਜਿਸ ਦਾ ਅਸਰ ਪਰਵਾਸੀ ਕਾਮਿਆਂ 'ਤੇ ਨਿਰਭਰ ਉਦਯੋਗਾਂ ਉੱਤੇ ਪੈ ਰਿਹਾ ਹੈ।

ਇਸ ਰਿਪੋਰਟ ਵਿੱਚ ਕੌਮਾਂਤਰੀ ਵਿਦਿਆਰਥੀਆਂ ਦੀ ਗਤੀਸ਼ੀਲਤਾ ਦੇ ਰੁਝਾਨ ਦਾ ਵੀ ਖੁਲਾਸਾ ਹੋਇਆ ਹੈ ਅਤੇ ਚੀਨ ਤੇ ਭਾਰਤ ਇਸ ਮਾਮਲੇ 'ਚ ਪ੍ਰਮੁੱਖ ਮੁਲਕਾਂ ਵਜੋਂ ਉੱਭਰੇ ਹਨ। ਅਨਿਯਮਿਤ ਪਰਵਾਸ ਵੱਲੋਂ ਖੜ੍ਹੀਆਂ ਕੀਤੀਆਂ ਚੁਣੌਤੀਆਂ ਦੇ ਬਾਵਜੂਦ ਮਹਿਲਾ ਪਰਵਾਸੀਆਂ 'ਚ ਭਾਰਤ ਦਾ ਵੱਡਾ ਹਿੱਸਾ ਪਰਵਾਸ ਦੇ ਰੁਝਾਨਾਂ ਦੀ ਵੰਨ-ਸਵੰਨਤਾ ਨੂੰ ਦਰਸਾਉਂਦਾ ਹੈ। ਪਰਵਾਸ ਦੇ ਬਦਲਦੇ ਰੁਝਾਨਾਂ ਨੇ ਲੋੜ ਪੈਦਾ ਕੀਤੀ ਹੈ ਕਿ ਪਰਵਾਸੀਆਂ ਦੇ ਹੱਕਾਂ ਤੇ ਭਲਾਈ ਲਈ ਸਾਂਝੇ ਯਤਨ ਕੀਤੇ ਜਾਣ। ਟਿਕਾਊ ਵਿਕਾਸ ਤੇ ਸਮੁੱਚੀ ਖੁਸ਼ਹਾਲੀ ਲਈ ਕੰਮਕਾਜੀ ਥਾਵਾਂ ਉੱਤੇ ਸ਼ੋਸ਼ਣ, ਸਮਾਜਿਕ ਸੁਰੱਖਿਆ ਤੇ ਸੁਰੱਖਿਅਤ ਅਤੇ ਤਰਕਸੰਗਤ ਪਰਵਾਸ ਜਿਹੇ ਢਾਂਚਾਗਤ ਮੁੱਦਿਆਂ ਦੇ ਹੱਲ 'ਤੇ ਧਿਆਨ ਦੇਣ ਦੀ ਲੋੜ ਹੈ।

ਡੰਕੀ ਉਡਾਣਾਂ

ਫਰਾਂਸੀਸੀ ਏਜੰਸੀਆਂ ਨੇ ਲਗਭਗ ਪੰਜ ਮਹੀਨੇ ਪਹਿਲਾਂ ਵੱਡੀ ਗਿਣਤੀ ਭਾਰਤੀਆਂ ਨੂੰ ਨਿਕਾਰਾਗੁਆ ਲਿਜਾ ਜਾ ਰਹੇ ਚਾਰਟਰਡ ਜਹਾਜ਼ ਨੂੰ ਮੁੰਬਈ ਵਾਪਸ ਭੇਜਿਆ ਸੀ, ਹੁਣ ਅਜਿਹੀ ਹੀ ਘਟਨਾ ਜਮਾਇਕਾ ਵਿੱਚ ਵਾਪਰੀ ਹੈ ਜਿੱਥੋਂ 200 ਭਾਰਤੀਆਂ ਨਾਲ ਭਰਿਆ ਜਹਾਜ਼ ਦੁਬਈ ਵਾਪਸ ਭੇਜ ਦਿੱਤਾ ਗਿਆ। ਫਰਾਂਸ ਵਿੱਚ ਰੋਕੇ ਜਹਾਜ਼ ਬਾਰੇ ਉੱਥੋਂ ਦੀ ਅਥਾਰਿਟੀ ਨੇ ਕਈ ਖ਼ਦਸ਼ੇ ਜ਼ਾਹਿਰ ਕੀਤੇ ਸਨ। ਜਮਾਇਕਾ ਤੋਂ ਮੋੜੇ ਮੁਸਾਫ਼ਰਾਂ ਦੇ ਦਸਤਾਵੇਜ਼ਾਂ ਵਿੱਚ ਵੀ ਇਮੀਗ੍ਰੇਸ਼ਨ ਅਧਿਕਾਰੀਆਂ ਨੂੰ ਕਮੀਆਂ ਮਿਲੀਆਂ ਹਨ। ਰਿਪੋਰਟਾਂ ਮੁਤਾਬਕ ਯਾਤਰੀਆਂ ਦਾ ਇਹ ਗਰੁੱਪ ਕੈਰੇਬਿਆਈ ਮੁਲਕ ਵਿੱਚੋਂ ਦੀ ਹੋ ਕੇ ਲੰਘ ਰਿਹਾ ਸੀ ਜਿਨ੍ਹਾਂ ਵਿੱਚੋਂ ਕੁਝ ਨੇ 'ਵੱਡੇ ਰਿਹਾਇਸ਼ ਉਸਾਰੀ ਪ੍ਰਾਜੈਕਟ ਦਾ ਹਿੱਸਾ ਬਣਨ ਦੀ ਆਸ' ਵਿੱਚ ਨਿਕਾਰਾਗੁਆ ਉਤਰਨਾ ਸੀ।

ਨਿਕਾਰਾਗੁਆ ਦੇ ਪਹਿਲੂ ਨੇ ਧਿਆਨ ਇੱਕ ਵਾਰ ਫਿਰ 'ਡੰਕੀ' ਉਡਾਣਾਂ ਵੱਲ ਦਿਵਾਇਆ ਹੈ। ਬੇਈਮਾਨ ਟਰੈਵਲ ਏਜੰਟ ਯਾਤਰੀਆਂ ਨੂੰ ਅਮਰੀਕਾ ਵਿੱਚ ਗ਼ੈਰ-ਕਾਨੂੰਨੀ ਦਾਖਲਾ ਦਿਵਾਉਣ ਦੇ ਮਕਸਦ ਨਾਲ ਕੇਂਦਰੀ ਅਮਰੀਕੀ ਦੇਸ਼ਾਂ ਲਈ ਇਸ ਤਰ੍ਹਾਂ ਦੀਆਂ ਉਡਾਣਾਂ ਦਾ ਪ੍ਰਬੰਧ ਕਰਦੇ ਹਨ। ਯਾਤਰਾ ਦਸਤਾਵੇਜ਼ ਮਿਲਣ ਦੀ ਸੌਖ ਕਾਰਨ ਨਿਕਾਰਾਗੁਆ ਪਰਵਾਸੀਆਂ ਵਿੱਚ ਕਾਫ਼ੀ ਹਰਮਨਪਿਆਰਾ ਹੈ। ਜਨਵਰੀ ਮਹੀਨੇ ਗੁਜਰਾਤ ਦੀ ਅਪਰਾਧ ਜਾਂਚ ਸ਼ਾਖਾ ਨੇ ਕਿਹਾ ਸੀ ਕਿ ਫਰਾਂਸ ਦੇ ਵੈਟਰੀ ਹਵਾਈ ਅੱਡੇ ਉੱਤੇ ਦਸੰਬਰ 2023 ਨੂੰ ਮਨੁੱਖੀ ਤਸਕਰੀ ਦਾ ਸ਼ੱਕ ਪੈਣ 'ਤੇ ਰੋਕੀ ਗਈ ਉਡਾਣ ਵਿੱਚ ਸੂਬੇ ਦੇ 66 ਯਾਤਰੀ ਸਵਾਰ ਸਨ ਤੇ ਇਨ੍ਹਾਂ ਵਿੱਚੋਂ ਬਹੁਤਿਆਂ ਨੇ ਅਮਰੀਕਾ ਵਿੱਚ ਨਾਜਾਇਜ਼ ਢੰਗ ਨਾਲ ਦਾਖਲ ਹੋਣ ਲਈ ਏਜੰਟਾਂ ਨੂੰ 60-80 ਲੱਖ ਰੁਪਏ ਤੱਕ ਦੇਣੇ ਸਨ। ਕੁਝ ਯਾਤਰੀ ਕਥਿਤ ਤੌਰ 'ਤੇ ਪਹਿਲਾਂ ਹੀ 8 ਲੱਖ ਰੁਪਏ ਤੱਕ ਦੇ ਚੁੱਕੇ ਸਨ। ਉਸ ਵੇਲੇ ਪੰਜਾਬ ਪੁਲੀਸ ਨੇ ਵੀ ਕੇਸ ਦੀ ਜਾਂਚ ਲਈ 'ਸਿਟ' ਬਣਾਈ ਸੀ ਕਿਉਂਕਿ ਬਹੁਤ ਸਾਰੇ ਯਾਤਰੀ ਇਸ ਉੱਤਰ ਭਾਰਤੀ ਸੂਬੇ ਤੋਂ ਵੀ ਸਨ।

ਜ਼ਾਹਿਰ ਹੈ ਕਿ ਇਹ ਏਜੰਟਾਂ ਦਾ ਕੌਮਾਂਤਰੀ ਨੈੱਟਵਰਕ ਹੈ ਜਿਸ ਦੀ ਹਰ ਪੱਧਰ 'ਤੇ ਅਧਿਕਾਰੀਆਂ ਨਾਲ ਮਿਲੀਭੁਗਤ ਹੈ ਅਤੇ ਆਵਾਸੀਆਂ ਦੀ ਇੱਕ ਮੁਲਕ ਤੋਂ ਦੂਜੇ ਅੰਦਰ ਪਹੁੰਚਣ ਵਿੱਚ ਮਦਦ ਕੀਤੀ ਜਾ ਰਹੀ ਹੈ। ਆਖ਼ਰੀ ਮੰਜਿ ?ਲ 'ਤੇ ਪਹੁੰਚਣ ਲਈ ਕਾਹਲੇ ਮੁਸਾਫਿ ?ਰ ਆਪਣੀ ਜਿ ?ਦਗੀ ਭਰ ਦੀ ਪੂੰਜੀ ਤੋਂ ਇਲਾਵਾ ਜਾਨ ਨੂੰ ਵੀ ਜੋਖ਼ਮ ਵਿੱਚ ਪਾ ਰਹੇ ਹਨ। ਵਧ-ਫੁਲ ਰਹੇ ਮਨੁੱਖੀ ਤਸਕਰੀ ਦੇ ਇਸ ਰੈਕੇਟ ਦਾ ਪਰਦਾਫਾਸ਼ ਕਰਨ ਲਈ ਵੱਖ-ਵੱਖ ਮੁਲਕਾਂ ਦੀਆਂ ਏਜੰਸੀਆਂ ਦਰਮਿਆਨ ਕਰੀਬੀ ਤਾਲਮੇਲ ਜ਼ਰੂਰੀ ਹੈ। ਸਭ ਤੋਂ ਵੱਡਾ ਮਸਲਾ ਇੱਛਾ ਸ਼ਕਤੀ ਦਾ ਹੈ। ਇਹ ਚਿੰਤਾ ਦੀ ਗੱਲ ਹੈ ਕਿ ਕਿਸ਼ਤੀਆਂ ਡੁੱਬਣ ਅਤੇ ਜਹਾਜ਼ਾਂ ਨੂੰ ਦੂਜੇ ਦੇਸ਼ਾਂ ਵਿੱਚ ਰੋਕਣ ਦੇ ਕਈ ਮਾਮਲਿਆਂ ਦੇ ਬਾਵਜੂਦ ਬਹੁਤ ਸਾਰੇ ਅਣਅਧਿਕਾਰਤ ਏਜੰਟ ਆਪਣਾ ਧੰਦਾ ਜਾਰੀ ਰੱਖਣ ਵਿੱਚ ਕਾਮਯਾਬ ਹੋ ਰਹੇ ਹਨ। ਅਸਲ ਵਿਚ, ਇਸ ਮਾਮਲੇ ਵਿਚ ਸਰਕਾਰਾਂ ਅਤੇ ਪ੍ਰਸ਼ਾਸਨ ਉੱਕਾ ਹੀ ਸੰਜੀਦਾ ਨਹੀਂ।

ਜ਼ਿੰਮੇਵਾਰ ਭਾਰਤੀ ਏਜੰਸੀਆਂ ਨੂੰ ਵੀ ਇਸ ਮਾਮਲੇ ਵਿੱਚ ਮਿਲ ਕੇ ਕਾਰਵਾਈ ਕਰਨੀ ਚਾਹੀਦੀ ਹੈ ਕਿਉਂਕਿ ਇਸ ਤਰ੍ਹਾਂ ਦੀਆਂ ਨਾਜਾਇਜ਼ ਗਤੀਵਿਧੀਆਂ 'ਚ ਵਾਰ-ਵਾਰ ਦੇਸ਼ ਦੇ ਨਾਗਰਿਕਾਂ ਦੀ ਸ਼ਮੂਲੀਅਤ ਸਾਹਮਣੇ ਆਉਣ ਨਾਲ ਦੇਸ਼ ਨੂੰ ਵੀ ਸ਼ਰਮਸਾਰ ਹੋਣਾ ਪੈ ਰਿਹਾ ਹੈ।

ਵਿਸ਼ਵ ਮਾਂ ਦਿਵਸ: ਮਾਵਾਂ ਦਾ ਪਿਆਰ ਅਤੇ ਬਲੀਦਾਨ

ਰੁਪਿੰਦਰ ਕੌਰ

ਵਿਸ਼ਵ ਮਾਂ ਦਿਵਸ ਮਈ ਮਹੀਨੇ ਦੇ ਦੂਜੇ ਐਤਵਾਰ ਨੂੰ ਮਨਾਇਆ ਜਾਂਦਾ ਹੈ ਅਤੇ ਭਾਰਤ ਵਿੱਚ ਮਾਂ ਦਿਵਸ 12 ਮਈ 2024 ਨੂੰ ਮਨਾਇਆ ਜਾਵੇਗਾ। ਇਹ ਦਿਨ ਮਾਵਾਂ ਦੇ ਯਤਨਾਂ ਦੀ ਯਾਦ ਵਿੱਚ ਅਤੇ ਸਾਡੇ ਜੀਵਨ ਅਤੇ ਸਾਡੇ ਸਮਾਜ ਵਿੱਚ ਉਨ੍ਹਾਂ ਦੇ ਮੁੱਲ ਦਾ ਸਨਮਾਨ ਕਰਨ ਲਈ ਮਨਾਇਆ ਜਾਂਦਾ ਹੈ। ਮਾਂ ਦਿਵਸ ਬਹੁਤ ਸਾਰੇ ਲੋਕਾਂ ਲਈ ਦੁਨੀਆ ਭਰ ਵਿੱਚ ਮਾਵਾਂ ਅਤੇ ਮਾਂ ਦੀਆਂ ਸ਼ਖਸੀਅਤਾਂ ਪ੍ਰਤੀ ਆਪਣੀ ਕਦਰਦਾਨੀ ਦਿਖਾਉਣ ਦਾ ਦਿਨ ਹੈ। ਇਹ ਇੱਕ ਸਾਲਾਨਾ ਸਮਾਗਮ ਹੈ ਪਰ ਦੇਸ਼ ਦੇ ਆਧਾਰ 'ਤੇ ਕੈਲੰਡਰ ਵਿੱਚ ਵੱਖ-ਵੱਖ ਤਾਰੀਖਾਂ 'ਤੇ ਆਯੋਜਿਤ ਕੀਤਾ ਜਾਂਦਾ ਹੈ।

ਮਾਂ ਦਿਵਸ ਵਿਸ਼ਵ ਭਰ ਵਿੱਚ ਮਾਵਾਂ ਦੇ ਪ੍ਰਭਾਵ, ਪਿਆਰ ਅਤੇ ਕੁਰਬਾਨੀਆਂ ਦਾ ਸਨਮਾਨ ਕਰਨ ਵਾਲਾ ਇੱਕ ਵਿਸ਼ਵਵਿਆਪੀ ਜਸ਼ਨ ਹੈ। ਹਾਲਾਂਕਿ ਤਾਰੀਖ ਵੱਖ-ਵੱਖ ਦੇਸ਼ਾਂ ਵਿੱਚ ਵੱਖੋ-ਵੱਖਰੀ ਹੁੰਦੀ ਹੈ, ਪਰ ਭਾਵਨਾਵਾਂ ਇੱਕੋ ਜਿਹੀਆਂ ਰਹਿੰਦੀਆਂ ਹਨ - ਪਰਿਵਾਰਾਂ ਅਤੇ ਸਮਾਜਾਂ ਦੇ ਪਾਲਣ ਪੋਸ਼ਣ ਵਿੱਚ ਮਾਵਾਂ ਦੇ ਕਮਾਲ ਦੇ ਯੋਗਦਾਨ ਨੂੰ ਮਾਨਤਾ ਦੇਣ ਅਤੇ ਉਹਨਾਂ ਦੀ ਕਦਰ ਕਰਨ ਲਈ। ਵਿਸ਼ਵ ਮਾਂ ਦਿਵਸ, ਹਰ ਸਾਲ ਮਨਾਇਆ ਜਾਂਦਾ ਹੈ, ਵਿਅਕਤੀਆਂ ਅਤੇ ਭਾਈਚਾਰਿਆਂ ਨੂੰ ਆਕਾਰ ਦੇਣ ਵਿੱਚ ਮਾਵਾਂ ਦੁਆਰਾ ਨਿਭਾਈ ਜਾਣ ਵਾਲੀ ਲਾਜ਼ਮੀ ਭੂਮਿਕਾ ਦੀ ਇੱਕ ਪ੍ਰਭਾਵਸ਼ਾਲੀ ਯਾਦ ਦਿਵਾਉਂਦਾ ਹੈ।

ਇਤਿਹਾਸਕ ਜੜ੍ਹ

ਮਾਂ ਦਾ ਸਨਮਾਨ ਕਰਨ ਦੇ ਸੰਕਲਪ ਦੀਆਂ ਪ੍ਰਾਚੀਨ ਜੜ੍ਹਾਂ ਹਨ, ਜੋ ਕਿ ਪੁਰਾਤਨ ਯੂਨਾਨੀਆਂ ਅਤੇ ਰੋਮਨ ਲੋਕਾਂ ਨਾਲ ਮਿਲਦੀਆਂ ਹਨ ਜੋ ਰੀਆ ਅਤੇ ਸਾਈਬੇਲ ਵਰਗੀਆਂ ਮਾਵਾਂ ਦੇਵੀ ਦੇਵਤਿਆਂ ਨੂੰ ਸਮਰਪਿਤ ਤਿਉਹਾਰ ਮਨਾਉਂਦੇ ਸਨ। ਹਾਲਾਂਕਿ, 20ਵੀਂ ਸਦੀ ਦੇ ਅਰੰਭ ਵਿੱਚ ਮਾਂ ਦਿਵਸ ਦਾ ਆਧੁਨਿਕ ਰੂਪ ਉਭਰਿਆ, ਜੋ ਕਿ ਸੰਯੁਕਤ ਰਾਜ ਵਿੱਚ ਅੰਨਾ ਜਾਰਵਿਸ ਦੇ ਯਤਨਾਂ ਦੇ ਕਾਰਨ ਹੈ। ਸਮਾਜਿਕ ਸਰਗਰਮੀ ਅਤੇ ਦੇਖਭਾਲ ਲਈ ਆਪਣੀ ਮਾਂ ਦੀ ਵਚਨਬੱਧਤਾ ਤੋਂ ਪ੍ਰੇਰਿਤ, ਜਾਰਵਿਸ ਨੇ ਮਾਵਾਂ ਦਾ ਸਨਮਾਨ ਕਰਨ ਲਈ ਇੱਕ ਮਨੋਨੀਤ ਦਿਨ ਲਈ ਮੁਹਿੰਮ ਚਲਾਈ। ਉਸਦੀ ਨਿਰੰਤਰ ਵਕਾਲਤ ਨੇ 1914 ਵਿੱਚ ਸੰਯੁਕਤ ਰਾਜ ਵਿੱਚ ਮਾਂ ਦਿਵਸ ਨੂੰ ਰਾਸ਼ਟਰੀ ਛੁੱਟੀ ਵਜੋਂ ਅਧਿਕਾਰਤ ਘੋਸ਼ਣਾ ਦਾ ਕਾਰਨ ਬਣਾਇਆ।

ਉਦੋਂ ਤੋਂ, ਮਾਂ ਦਿਵਸ ਸਰਹੱਦਾਂ ਅਤੇ ਸਭਿਆਚਾਰਾਂ ਤੋਂ ਪਾਰ ਹੋ ਗਿਆ ਹੈ, ਵਿਸ਼ਵ ਭਰ ਵਿੱਚ ਮਾਨਤਾ ਪ੍ਰਾਪਤ ਅਤੇ ਗੋਦ ਲਿਆ ਗਿਆ ਹੈ। ਦੁਨੀਆ ਭਰ ਦੇ ਦੇਸ਼ਾਂ ਨੇ ਰੀਤੀ-ਰਿਵਾਜਾਂ ਅਤੇ ਤਾਰੀਖਾਂ ਵਿੱਚ ਭਿੰਨਤਾਵਾਂ ਦੇ ਬਾਵਜੂਦ, ਪਰੰਪਰਾ ਨੂੰ ਅਪਣਾ ਲਿਆ ਹੈ। ਜਦੋਂ ਕਿ ਕੁਝ ਕੌਮਾਂ ਨਿਸ਼ਚਿਤ ਮਿਤੀਆਂ 'ਤੇ ਮਾਂ ਦਿਵਸ ਮਨਾਉਂਦੀਆਂ ਹਨ, ਦੂਸਰੇ ਧਾਰਮਿਕ ਜਾਂ ਸੱਭਿਆਚਾਰਕ ਸਮਾਗਮਾਂ ਨਾਲ ਮੇਲ ਖਾਂਦੇ ਹਨ। ਵਿਸ਼ੇਸ਼ਤਾਵਾਂ ਦੇ ਬਾਵਜੂਦ, ਅੰਤਰੀਵ ਭਾਵਨਾ ਇਕਸਾਰ ਰਹਿੰਦੀ ਹੈ - ਮਾਵਾਂ ਲਈ ਧੰਨਵਾਦ, ਪਿਆਰ, ਅਤੇ ਸਤਿਕਾਰ ਪ੍ਰਗਟ ਕਰਨ ਦਾ ਦਿਨ ਜੋ ਨਿਰਸਵਾਰਥ ਤੌਰ 'ਤੇ ਆਪਣੇ ਪਰਿਵਾਰ ਨੂੰ ਸਮਰਪਿਤ ਕਰਦੀਆਂ ਹਨ।

ਪ੍ਰਤੀਕਵਾਦ ਅਤੇ ਮਹੱਤਤਾ:

ਵਿਸ਼ਵ ਮਾਂ ਦਿਵਸ ਡੂੰਘੀ ਪ੍ਰਤੀਕਤਾ ਰੱਖਦਾ ਹੈ, ਜੋ ਬਿਨਾਂ ਸ਼ਰਤ ਪਿਆਰ, ਪਾਲਣ ਪੋਸ਼ਣ ਅਤੇ ਮਾਂ ਨਾਲ ਜੁੜੇ ਨਿਰਸਵਾਰਥਤਾ ਦਾ ਪ੍ਰਤੀਕ ਹੈ। ਇਹ ਬੱਚਿਆਂ, ਜੀਵਨ ਸਾਥੀਆਂ, ਅਤੇ ਭਾਈਚਾਰਿਆਂ ਲਈ ਮਾਵਾਂ ਦੁਆਰਾ ਨਿਭਾਈਆਂ ਗਈਆਂ ਅਣਗਿਣਤ ਭੂਮਿਕਾਵਾਂ ਨੂੰ ਸਵੀਕਾਰ ਕਰਨ ਅਤੇ ਮਨਾਉਣ ਲਈ ਇੱਕ ਮੌਕੇ ਵਜੋਂ ਕੰਮ ਕਰਦਾ ਹੈ - ਦੇਖਭਾਲ ਕਰਨ ਵਾਲੇ, ਸਲਾਹਕਾਰ, ਪਾਲਣ ਪੋਸ਼ਣ ਕਰਨ ਵਾਲੇ, ਅਤੇ ਤਾਕਤ ਦੇ ਥੰਮ੍ਹਾਂ ਵਜੋਂ। ਇਸ ਤੋਂ ਇਲਾਵਾ, ਇਹ ਭਵਿੱਖ ਦੀਆਂ ਪੀੜ੍ਹੀਆਂ ਦੇ ਕਦਰਾਂ-ਕੀਮਤਾਂ, ਰਵੱਈਏ ਅਤੇ ਚਰਿੱਤਰ ਨੂੰ ਬਣਾਉਣ ਵਿੱਚ ਮਾਵਾਂ ਦੁਆਰਾ ਨਿਭਾਈ ਜਾਂਦੀ ਮਹੱਤਵਪੂਰਨ ਭੂਮਿਕਾ ਨੂੰ ਰੇਖਾਂਕਿਤ ਕਰਦਾ ਹੈ।

ਜਸ਼ਨ ਅਤੇ ਪਰੰਪਰਾ:

ਮਾਂ ਦਿਵਸ ਦਾ ਜਸ਼ਨ ਇੱਕ ਖੇਤਰ ਤੋਂ ਦੂਜੇ ਖੇਤਰ ਵਿੱਚ ਵੱਖਰਾ ਹੁੰਦਾ ਹੈ, ਵਿਭਿੰਨ ਸੱਭਿਆਚਾਰਕ ਅਭਿਆਸਾਂ ਅਤੇ ਰੀਤੀ-ਰਿਵਾਜਾਂ ਨੂੰ ਦਰਸਾਉਂਦਾ ਹੈ। ਆਮ ਪਰੰਪਰਾਵਾਂ ਵਿੱਚ ਮਾਵਾਂ ਨੂੰ ਤੋਹਫ਼ੇ, ਕਾਰਡ, ਫੁੱਲ, ਜਾਂ ਉਹਨਾਂ ਦੇ ਯੋਗਦਾਨ ਦਾ ਸਨਮਾਨ ਕਰਨ ਲਈ ਵਿਸ਼ੇਸ਼ ਭੋਜਨ ਤਿਆਰ ਕਰਨਾ ਸ਼ਾਮਲ ਹੈ। ਬਹੁਤ ਸਾਰੇ ਪਰਿਵਾਰ ਇਸ ਮੌਕੇ ਨੂੰ ਇਕੱਠੇ ਵਧੀਆ ਸਮਾਂ ਬਿਤਾਉਣ ਲਈ ਵੀ ਲੈਂਦੇ ਹਨ, ਅਜਿਹੀਆਂ ਗਤੀਵਿਧੀਆਂ ਵਿੱਚ ਸ਼ਾਮਲ ਹੁੰਦੇ ਹਨ ਜੋ ਪਰਿਵਾਰਕ ਬੰਧਨ ਨੂੰ ਮਜ਼ਬੂਤ ਕਰਦੇ ਹਨ ਅਤੇ ਸਥਾਈ ਯਾਦਾਂ ਬਣਾਉਂਦੇ ਹਨ।

ਪ੍ਰਤੀਬਿੰਬ ਅਤੇ ਧੰਨਵਾਦ

ਵਿਸ਼ਵ ਮਾਂ ਦਿਵਸ ਵਿਸ਼ਵ ਪੱਧਰ 'ਤੇ ਮਾਵਾਂ ਨੂੰ ਦਰਪੇਸ਼ ਚੁਣੌਤੀਆਂ ਅਤੇ ਅਸਮਾਨਤਾਵਾਂ 'ਤੇ ਪ੍ਰਤੀਬਿੰਬ ਵੀ ਦਰਸਾਉਂਦਾ ਹੈ। ਇਹ ਮਾਵਾਂ ਦੀ ਸਿਹਤ, ਲਿੰਗ ਸਮਾਨਤਾ, ਅਤੇ ਔਰਤਾਂ ਦੇ ਸਸ਼ਕਤੀਕਰਨ ਦੀ ਵਕਾਲਤ ਕਰਨ ਲਈ ਇੱਕ ਪਲੇਟਫਾਰਮ ਵਜੋਂ ਕੰਮ ਕਰਦਾ ਹੈ। ਸਮਾਜ ਵਿੱਚ ਮਾਵਾਂ ਦੀ ਅਮੁੱਲ ਭੂਮਿਕਾ ਨੂੰ ਪਛਾਣਨਾ ਉਹਨਾਂ ਨੀਤੀਆਂ ਅਤੇ ਪਹਿਲਕਦਮੀਆਂ ਦੀ ਲੋੜ ਨੂੰ ਰੇਖਾਂਕਿਤ ਕਰਦਾ ਹੈ ਜੋ ਉਹਨਾਂ ਦੀ ਭਲਾਈ ਦਾ ਸਮਰਥਨ ਕਰਦੇ ਹਨ, ਸਿੱਖਿਆ ਅਤੇ ਸਿਹਤ ਸੰਭਾਲ ਤੱਕ ਪਹੁੰਚ ਪ੍ਰਦਾਨ ਕਰਦੇ ਹਨ, ਅਤੇ ਵਿਅਕਤੀਗਤ ਅਤੇ ਪੇਸ਼ੇਵਰ ਵਿਕਾਸ ਦੇ ਮੌਕੇ ਪੈਦਾ ਕਰਦੇ ਹਨ।

ਸਿੱਟਾ:

ਵਿਸ਼ਵ ਮਾਂ ਦਿਵਸ ਸਿਰਫ਼ ਮਨਾਉਣ ਤੋ

ਨਵੇਂ ਲੇਖਕਾਂ ਨੂੰ ਨਜ਼ਰ ਵਿਚ ਰੱਖਦੇ ਹੋਏ ਅਸੀਂ ਇਹ ਕਾਲਮ 'ਸੋਨ ਸੁਨਹਿਰੀ ਕਲਮਾਂ' ਸ਼ੁਰੂ ਕੀਤਾ ਹੈ। ਇਸ ਵਿਚ ਲੇਖਕ ਦੇ ਜੀਵਨ ਦੀ ਸੰਖੇਪ ਜਾਣਕਾਰੀ ਦੇ ਨਾਲ ਉਸ ਦੀਆਂ ਰਚਨਾਵਾਂ ਵੀ ਪਾਠਕਾਂ ਦੇ ਰੂਬਰੂ ਕੀਤੀਆਂ ਜਾਂਦੀਆਂ ਹਨ।

ਸੋਨ ਸੁਨਹਿਰੀ ਕਲਮਾਂ

ਮਾਨਵਤਾ ਨੂੰ ਪਿਆਰ ਕਰਨ ਵਾਲੀ ਲੇਖਿਕਾ

ਹਰਪਿੰਦਰ ਕੌਰ ਢਿੱਲੋਂ

ਹਰਪਿੰਦਰ ਕੌਰ ਢਿੱਲੋਂ ਆਪਣਾ ਮੂਲ ਪਛਾਣਨ ਵਾਲੀ ਐੱਮਏਬੀਐੱਡ ਸਿੱਖਿਆ ਪ੍ਰਾਪਤ ਪੇਂਡੂ ਪੰਜਾਬਣ ਮੁਟਿਆਰ ਹੈ। ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦੇ ਪਿੰਡ ਲਟੌਰ ਵਿਚ ਪਿਤਾ ਇੰਦਰਜੀਤ ਸਿੰਘ ਤੇ ਮਾਤਾ ਕੁਲਦੀਪ ਕੌਰ ਦੇ ਘਰ ਜਨਮੀ ਸੰਵੇਦਨਸ਼ੀਲ ਲੇਖਕਾ ਕੇਵਲ ਨਜ਼ਮਾਂ ਹੀ ਨਹੀਂ ਲਿਖਦੀ ਬਲਕਿ ਕਹਾਣੀਆਂ ਤੇ ਬਾਲ ਸਾਹਿਤ ਵੀ ਲਿਖਦੀ ਹੈ। ਹਰਪਿੰਦਰ ਸੁਰਜੀਤ ਪਾਤਰ ਦੀ ਰਹਿਨੁਮਾਈ ਵਿਚ ਮਾਨਵੀ ਰਿਸ਼ਤਿਆਂ 'ਤੇ ਪੀਐੱਚਡੀ ਕਰ ਰਹੀ ਹੈ। ਪਿੰਡ ਰੁੜਕੀ ਜ਼ਿਲ੍ਹਾ ਫਤਹਿਗੜ੍ਹ ਸਾਹਿਬ, ਸਹੁਰੇ ਘਰ ਸੰਯੁਕਤ ਪਰਿਵਾਰ ਵਿਚ ਸੁਖੀ ਵਸਦੀ ਆਪਣੇ ਹਮਸਫਰ ਪ੍ਰੋ. ਸੁਖਵਿੰਦਰ ਸਿੰਘ ਬੇਟੇ ਉਦੈਵੀਰ ਸਿੰਘ ਨੂੰ ਪਾਲਦੀ-ਸੰਭਾਲਦੀ ਮੋਹ-ਮੁਹੱਬਤ ਵਿਚ ਭਿੱਜੀ ਇਹ ਲੇਖਕਾ ਸਮੂਹ ਰਿਸ਼ਤਿਆਂ ਦਾ ਆਦਰ ਕਰਦੀ ਹੋਈ ਕਹਿਣੀ ਤੇ ਕਰਨੀ ਦੀ ਪੱਕੀ ਹੈ। ਜਿੱਥੇ ਇਹ ਤਿੱਖੀ ਸੂਝ ਰੱਖਦੀ ਹੋਈ ਮਾਨਵੀ ਰਿਸ਼ਤਿਆਂ ਦੀ ਬਾਰੀਕਬੀਨੀ ਨਾਲ ਪੜਚੋਲ ਕਰਦੀ ਹੈ ਉੱਥੇ ਖ਼ੂਨ ਅਤੇ ਰੂਹ ਦੇ ਰਿਸ਼ਤਿਆਂ ਦੇ ਕੱਚ-ਸੱਚ ਨੂੰ ਵੀ ਬਾਖ਼ੂਬੀ ਪਰਖਦੀ ਹੈ। ਜਿਹੜਾ ਰਿਸ਼ਤਾ ਮਨੁੱਖਤਾ ਦੇ ਹਿਤ ਵਿਚ ਨਹੀਂ ਬਲਕਿ ਹਉਮੈ ਰੋਗ ਨਾਲ ਆਫ਼ਰਿਆ ਹੋਵੇ ਤੇ ਉਸ ਨੂੰ ਮੋਹ-ਮੁਹੱਬਤ ਦੀ ਦਵਾ-ਦਾਰੂ ਵੀ ਰਾਜ਼ੀ ਨਾ ਕਰ ਸਕੇ, ਸ਼ਾਇਰਾ ਉਸ ਨੂੰ ਤੜੱਕ ਦੇਣੀ ਤੋੜ ਦੇਣ ਦੀ ਜ਼ੁਅਰਤ ਵੀ ਰੱਖਦੀ ਹੈ।

ਇਸ ਦੀਆਂ ਰਚਨਾਵਾਂ ਵਿਚ ਨਿੱਜ ਦੀ ਨਹੀਂ ਪਰ ਦੀ ਪੀੜ੍ਹਾ ਦਾ ਜ਼ਿਕਰ ਹੈ। ਹਰਪਿੰਦਰ ਦੇ ਕਰਾਮਾਤੀ ਸੋਹਲ ਜਿਹੇ ਹੱਥ ਕੇਵਲ ਕਲਮ ਨੂੰ ਹੀ ਖ਼ੂਬਸੂਰਤੀ ਨਾਲ ਨਹੀਂ ਚਲਾਉਂਦੇ ਬਲਕਿ ਸਾਗ ਨਾਲ ਮੱਕੀ ਦੀਆਂ ਰੋਟੀਆਂ ਅਤੇ ਖੀਰ-ਪੁੜੇ ਵੀ ਬਾਕਮਾਲ ਬਣਾਉਂਦੇ ਹਨ, ਜਿਨ੍ਹਾਂ ਵਿਚ ਖੰਡ-ਸ਼ੱਕਰ ਨਾਲੋਂ ਵੱਧ ਮੋਹ-ਮਮਤਾ ਦੀ ਮਿਠਾਸ ਘੁਲੀ ਹੁੰਦੀ ਹੈ। ਇੱਕੋ ਸਮੇਂ ਇਹ ਸਾਹਿਤਕ ਵੀ ਹੈ ਤੇ ਪਰਿਵਾਰਕ ਵੀ। ਦੁਆ ਕਰਦੀ ਹਾਂ ਹਰਪਿੰਦਰ ਕੌਰ ਢਿੱਲੋਂ ਕਲਮ ਤੇ ਪਰਿਵਾਰ ਨੂੰ ਇਸੇ ਤਰ੍ਹਾਂ ਪਿਆਰਦੀ ਸਦਾ ਕਾਰਜ਼ਸ਼ੀਲ ਰਹੇ ਤੇ ਪਰਮਾਤਮਾ ਉਸ ਨੂੰ ਹਰ ਮੈਦਾਨ ਫਤਹਿ ਬਖ਼ਸ਼ੇ। ਪਾਠਕਾਂ ਦੀਆਂ ਨਜ਼ਰ ਹਨ ਸ਼ਾਇਰਾ ਦੀਆਂ ਕੁਝ ਨਜ਼ਮਾਂ।

• ਪਰਮਜੀਤ ਕੌਰ ਸਰਹਿੰਦ
98728-98599

ਕਵਿਤਾਵਾਂ

ਮੰਜ਼ਿਲ

ਕੱਲ੍ਹ ਮੁਰਦੇ ਨੂੰ ਵੇਖਿਆ
ਮੈਂ ਵੀ ਪਿੱਛੇ-ਪਿੱਛੇ
ਸ਼ਮਸ਼ਾਨ ਘਾਟ ਵੱਲ
ਤੁਰਦਾ ਰਿਹਾ
ਬਿਨਾ ਸੋਚੇ, ਬਿਨਾ ਸਮਝੇ
ਉਸ ਨੂੰ ਮੰਜ਼ਿਲ ਤਕ
ਛੱਡਣ ਲਈ
ਉੱਥੇ ਜਾ ਕੇ ਸਮਝ ਪਈ
ਮੈਂ ਮੁਰਦੇ ਨੂੰ ਨਹੀਂ
ਮੁਰਦਾ ਮੈਨੂੰ ਲੈ ਆਇਆ
ਮੇਰੀ ਅਸਲ ਮੰਜ਼ਿਲ ਤੱਕ।

ਕਿਸਾਨ

ਪੱਕੀ ਫ਼ਸਲ 'ਤੇ ਵਰ੍ਹਿਆ ਮੀਂਹ
ਕਹਿਰ ਬਣ ਕੇ
ਸਭੇ ਜੀਵ ਜੰਤ ਤੇ ਧਰਤੀ ਨੇ
ਆਪਣੀ ਪਿਆਸ ਬੁਝਾਈ
ਪਰ ਕਿਸਾਨ ਕਿਉਂ?
ਖੜ੍ਹਾ ਸੀ ਸੁੱਕਾ
ਪਾਣੀ ਦੇ ਵਿਚ
ਗਿੱਲੀਆਂ ਤਾਂ ਸੀ
ਸਿਰਫ ਅੱਖਾਂ

ਸਾਡਾ ਪਤਾ ਹੈ-
ਸੰਪਾਦਕ, ਪੰਜਾਬੀ ਜਾਗਰਣ, ਸੀ-120, ਫੋਕਲ ਪੁਆਇੰਟ ਐਕਸਟੈਂਸ਼ਨ, ਇੰਡਸਟਰੀਅਲ ਏਰੀਆ, ਜਲੰਧਰ।
editormail@punjabi.jagran.com

ਬਚਪਨ ਤੋਂ ਹੀ ਸੁਧਾਰੋ ਬੱਚਿਆਂ ਦੇ ਉੱਠਣ-ਬੈਠਣ ਦਾ ਸਲੀਕਾ

ਦਵਿੰਦਰ ਕੌਰ

ਇਨਸਾਨ ਨੂੰ ਆਪਣੀ ਔਲਾਦ ਸਾਰੇ ਜਗ ਤੋਂ ਪਿਆਰੀ ਹੁੰਦੀ ਹੈ। ਔਲਾਦ ਦੀ ਖ਼ੁਸ਼ੀ ਦੀ ਖ਼ਾਤਰ ਉਹ ਹਰ ਪਾਪੜ ਵੇਲਦਾ ਤੇ ਉਮੀਦ ਰੱਖਦਾ ਹੈ ਕਿ ਬੱਚੇ ਉਸ ਦੇ ਬੁੜਾਪੇ ਦਾ ਸਹਾਰਾ ਬਣਨ। ਮਾਂ-ਬਾਪ, ਭੈਣ-ਭਰਾ, ਤੇ ਹਰ ਰਿਸ਼ਤੇ ਨੂੰ ਸਤਿਕਾਰ ਦੇਣ, ਉਸ ਦੀਆਂ ਉਮੀਦਾਂ ਤੇ ਖਰੇ ਉਤਰਨ। ਪੁੱਤ ਹੋਵੇ ਜਾਂ ਧੀ, ਉਸ ਤੋਂ ਇਹੀ ਉਮੀਦ ਕੀਤੀ ਜਾਂਦੀ ਹੈ ਕਿ ਉਹ ਸੰਸਕਾਰਾਂ ਦੇ ਧਨੀ ਹੋਣ ਅਤੇ ਮਾਂ-ਬਾਪ ਦਾ ਨਾਂ ਰੌਸ਼ਨ ਕਰਨ। ਪਰਿਵਾਰ ਦੀ ਅਣਖ-ਇੱਜ਼ਤ ਨੂੰ ਬਰਕਰਾਰ ਰੱਖਣ। ਇਨ੍ਹਾਂ ਗੱਲਾਂ ਲਈ ਮਾਂ-ਬਾਪ ਨੂੰ ਹਰ ਕਦਮ 'ਤੇ ਮਿਹਨਤ ਕਰਨੀ ਪੈਂਦੀ ਹੈ।

ਪਰਿਵਾਰ ਅਤੇ ਆਲਾ-ਦੁਆਲਾ

ਬੱਚਾ ਮਾਂ-ਬਾਪ, ਪਰਿਵਾਰ ਅਤੇ ਆਲੇ-ਦੁਆਲੇ ਤੋਂ ਹਮੇਸ਼ਾਂ ਹੀ ਸਿੱਖਦਾ ਰਹਿੰਦਾ ਹੈ ਜੋ ਕੁਦਰਤ ਦਾ ਨਿਯਮ ਵੀ ਹੈ। ਉਹ ਚੰਗੇ-ਬੁਰੇ ਤੋਂ ਬੇਖ਼ਬਰ ਹੁੰਦਾ ਹੈ। ਜੋ ਵੀ ਦੇਖਦਾ ਹੈ ਉਹੀ ਸਿੱਖਦਾ ਹੈ। ਇੱਥੇ ਮਾਂ ਜਾਂ ਬਾਪ ਹੋਣ ਦੇ ਨਾਤੇ ਸਾਡਾ ਪਹਿਲਾ ਫ਼ਰਜ਼ ਇਹੀ ਬਣਦਾ ਹੈ ਕਿ ਉਸ ਦੀ ਸਿੱਖਣ ਪ੍ਰਕਿਰਿਆ ਉੱਤੇ ਨਿਗਰਾਨੀ ਰੱਖੀ ਜਾਵੇ ਕਿ ਉਹ ਕੀ ਅਨੁਕਰਣ ਕਰਦਾ ਹੈ, ਜੇ ਸਹੀ ਹੈ ਤਾਂ ਸਿੱਖਣ ਦਿਉ ਨਹੀਂ ਤਾਂ ਉਸ ਨੂੰ ਮੋੜੋ। ਸਾਨੂੰ ਕੁਝ ਵੀ ਵਾਧੂ ਨਹੀਂ ਸਿਖਾਉਣਾ ਚਾਹੀਦਾ ਕਿਉਂਕਿ ਸਿੱਖਣ ਲਈ ਤਾਂ ਉਹ ਆਪ ਹੀ ਬਹੁਤ ਉਤਾਵਲਾ ਹੁੰਦਾ ਹੈ। ਸਾਡਾ ਫ਼ਰਜ਼ ਹੈ ਉਸ ਦੇ ਚੰਗੇ ਜਾਂ ਬੁਰੇ ਪ੍ਰਭਾਵਾਂ ਤੇ ਪਹਿਰਾ ਦੇਣਾ। ਜਦ ਉਹ ਥੋੜ੍ਹਾ ਜਿਹਾ ਪਰਪੱਕ ਹੋਣ ਲੱਗੇ ਤਾਂ ਸਾਨੂੰ ਉਸ ਵਿਚ ਚੰਗੀਆਂ ਆਦਤਾਂ ਵਿਕਸਿਤ ਕਰਨੀਆਂ ਚਾਹੀਦੀਆਂ ਹਨ। ਨਿੱਕਾ ਬੱਚਾ ਸਭ ਨੂੰ ਪਿਆਰਾ ਲੱਗਦਾ ਹੈ। ਉਸ ਦੀਆਂ ਗੱਲਾਂ ਵੀ ਸਭ ਨੂੰ ਮੋਹਦੀਆਂ ਹਨ ਪਰ ਕਈ ਵਾਰ ਜੇ ਬੱਚਾ ਕੋਈ ਮਾੜੀ ਗੱਲ ਜਾਂ ਹਰਕਤ ਵੀ ਕਰਦਾ ਹੈ ਜਾਂ ਗ਼ਲਤ ਸ਼ਰਾਰਤ ਕਰਦਾ ਹੈ ਤਾਂ ਅਸੀਂ ਉਸ ਨੂੰ ਦੇਖ ਕੇ ਹੱਸਦੇ ਹਾਂ ਉਸ ਨੂੰ ਟੋਕਣ ਦੀ ਥਾਂ ਉਸ ਦੀਆਂ ਹਰਕਤਾਂ ਨੂੰ ਉਤਸ਼ਾਹਿਤ ਕਰ ਕੇ ਉਸ ਤੋਂ ਵਾਰ-ਵਾਰ ਉਹੀ ਨਕਲ ਕਰਾਉਂਦੇ ਹਾਂ ਪਰ ਅੱਗੇ ਜਾ ਕੇ ਉਸ ਦਾ ਅੰਜਾਮ ਗ਼ਲਤ ਨਿਕਲਦਾ ਹੈ।

ਵੰਨ-ਸੁਵੰਨੀਆਂ ਚੀਜ਼ਾਂ

ਜੋ ਵੀ ਘਰ ਵਿਚ ਪੱਕਿਆ ਉਹੀ ਖਵਾਓ ਤਾਂ ਜੋ ਉਨ੍ਹਾਂ ਦੇ ਮੂੰਹ ਨੂੰ ਸਾਰੇ ਭੋਜਨ ਲੱਗ ਜਾਣ ਤੇ ਬਾਹਰ ਦਾ ਖਾਣ ਦੀ ਉਨ੍ਹਾਂ ਵਿਚ ਲਾਲਸਾ ਨਾ ਵਧੇ। ਅਸੀਂ ਸ਼ੌਕ ਨਾਲ ਉਨ੍ਹਾਂ ਨੂੰ ਬਾਹਰੋਂ ਵੰਨ-ਸੁਵੰਨੀਆਂ ਚੀਜ਼ਾਂ ਲਿਆ ਕੇ ਪਰੋਸਦੇ ਹਾਂ। ਬਸ ਫਿਰ ਜੋ ਇਕ ਵਾਰ ਮੂੰਹ ਨੂੰ ਸਵਾਦ ਲੱਗ ਗਿਆ ਉਸ ਤੋਂ ਖਹਿੜਾ ਛੁਡਾਉਣਾ ਨਾਮੁਮਕਿਨ ਹੈ ਤੇ ਘਰੇਲੂ ਭੋਜਨ ਤੋਂ ਬੱਚਾ ਮੂੰਹ ਮੋੜ ਲੈਂਦਾ ਹੈ ਤੇ ਇਸ ਗੱਲ ਦੇ ਜੋ ਸਰੀਰਕ ਤੇ ਬੌਧਿਕ ਨੁਕਸਾਨ ਹਨ ਉਹ ਅਸੀਂ ਚੰਗੀ ਤਰ੍ਹਾਂ ਜਾਣਦੇ ਹਾਂ। ਜੇ ਇਨ੍ਹਾਂ ਚੀਜ਼ਾਂ ਤੋਂ ਬੱਚਾ ਵਾਕਿਫ਼ ਨਹੀਂ ਅਸੀਂ ਉਸ ਨੂੰ ਵਾਕਿਫ਼ ਕਿਉਂ ਕਰਾਉਂਦੇ ਹਾਂ।

ਆਦਤਾਂ ਅਤੇ ਸੰਸਕਾਰ

ਆਦਤਾਂ ਅਤੇ ਸੰਸਕਾਰਾਂ ਦੀ ਗੱਲ ਕਰੀਏ ਤਾਂ ਇਹ ਸਾਡੀ ਪਲ-ਪਲ ਦੀ ਮਿਹਨਤ ਹੁੰਦੀ ਹੈ ਅਸੀਂ ਬੱਚੇ ਦੀ ਕੋਈ ਵੀ ਚੰਗੀ ਬੁਰੀ ਗੱਲ ਨਜ਼ਰ ਅੰਦਾਜ਼ ਨਹੀਂ ਕਰ ਸਕਦੇ ਕਿਉਂਕਿ ਜੋ ਆਦਤ ਇਕ ਵਾਰ ਪੱਕ ਗਈ ਉਸ ਨੂੰ ਬਦਲਣਾ ਬਹੁਤ ਮੁਸ਼ਕਿਲ ਹੈ ਜਿਸ ਨਾਲ ਬੱਚੇ ਨੂੰ ਵੀ ਕਈ ਵਾਰ ਕੁਟ ਜਾਂ ਝਿੜਕਾਂ ਪੈਂਦੀਆਂ ਹਨ। ਇਸ ਨਾਲ ਉਹ ਹੋਰ ਬਾਗ਼ੀ ਹੋ ਜਾਂਦਾ ਹੈ ਤੇ ਅਸੀਂ ਵੀ ਪਰੇਸ਼ਾਨ ਹੁੰਦੇ ਹਾਂ। ਸੋ ਕੁਦਰਤ ਦੇ ਨਿਯਮਾਂ ਅਨੁਸਾਰ ਚੱਲਦੇ ਹੋਏ ਮਸ਼ੀਨੀ ਯੁੱਗ ਵਿੱਚੋਂ ਨਿਕਲ ਕੇ ਬੱਚੇ ਨੂੰ ਕੁਦਰਤੀ ਰੂਪ ਵਿਚ ਸਿਖਾਓ ਤਾਂ ਜੋ ਬੱਚੇ ਦਾ, ਮਾਪਿਆਂ ਦਾ ਜਾਂ ਕੁਦਰਤ ਦਾ ਕੋਈ ਨੁਕਸਾਨ ਨਾ ਹੋਵੇ ਅਤੇ ਬੱਚੇ ਦਾ ਬੌਧਿਕ ਵਿਕਾਸ ਹੋ ਸਕੇ। •

82838-32839

> ਮਾਂ-ਬਾਪ ਹੋਣ ਦੇ ਨਾਤੇ ਸਾਡਾ ਪਹਿਲਾ ਫ਼ਰਜ਼ ਇਹੀ ਬਣਦਾ ਹੈ ਕਿ ਬੱਚੇ ਦੀ ਸਿੱਖਣ ਪ੍ਰਕਿਰਿਆ ਉੱਤੇ ਨਿਗਰਾਨੀ ਰੱਖੀ ਜਾਵੇ ਕਿ ਉਹ ਸਾਡੀ ਕਿਸ ਗਤੀਵਿਧੀ ਦਾ ਅਨੁਕਰਣ ਕਰਦਾ ਹੈ, ਜੇ ਸਹੀ ਹੈ ਤਾਂ ਸਿੱਖਣ ਦਿਉ ਨਹੀਂ ਤਾਂ ਉਸ ਨੂੰ ਮੋੜੋ...

ਬੋਲਣ-ਚੱਲਣ ਦਾ ਢੰਗ

ਬੱਚਾ ਜਦ ਸੁਰਤ ਸੰਭਾਲਦਾ ਹੈ ਜਾਂ ਦੋ-ਤਿੰਨ ਵਰ੍ਹਿਆਂ ਦਾ ਹੁੰਦਾ ਹੈ ਤਾਂ ਸਾਨੂੰ ਉਸ ਦੀਆਂ ਆਦਤਾਂ ਦਾ ਬਰੀਕੀ ਨਾਲ ਨਿਰੀਖਣ ਕਰ ਕੇ ਇਹ ਅੰਦਾਜ਼ਾ ਲਗਾ ਲੈਣਾ ਚਾਹੀਦਾ ਹੈ ਕਿ ਉਹ ਸਹੀ ਪਾਸੇ ਜਾ ਰਿਹਾ ਹੈ ਜਾਂ ਗ਼ਲਤ। ਉਸ ਨੂੰ ਹਰ ਰੋਜ਼ ਕਦਮ-ਕਦਮ 'ਤੇ ਇਕ-ਇਕ ਕਰ ਕੇ ਕੋਈ ਵਧੀਆ ਆਦਤ ਤੇ ਸੰਸਕਾਰ ਸਿਖਾਇਆ ਜਾਵੇ, ਖਾਣ-ਪੀਣ ਦਾ, ਬੈਠਣ-ਉਠਣ ਦਾ, ਬੋਲਣ-ਚੱਲਣ ਦਾ ਢੰਗ ਸੋਧਿਆ ਜਾਵੇ। ਬੱਚੇ ਇਕਦਮ ਸਖ਼ਤੀ ਨਾਲ ਕਦੇ ਨਹੀਂ ਸਿੱਖਦੇ, ਬੱਚੇ ਨਕਲ ਕਰ ਕੇ ਸਿੱਖਦੇ ਹਨ। ਜਿਵੇਂ ਅਸੀਂ ਕਰਾਂਗੇ ਉਵੇਂ ਹੀ ਉਹ ਸਿੱਖਦੇ ਹਨ, ਜਿਵੇਂ ਅਸੀਂ ਬੋਲਾਂਗੇ, ਉਠਾਂਗੇ, ਬੈਠਾਂਗੇ, ਖਾਵਾਂਗੇ, ਪੀਵਾਂਗੇ, ਦੂਜਿਆਂ ਨਾਲ ਵਿਚਰਾਂਗੇ ਉਵੇਂ ਹੀ ਕਰਨਗੇ। ਇਸ ਲਈ ਸਾਨੂੰ ਖ਼ੁਦ ਨੂੰ ਉਨ੍ਹਾਂ ਦਾ ਸ਼ੀਸ਼ਾ ਬਣਨਾ ਪਵੇਗਾ। ਥੋੜ੍ਹਾ ਜਿਹਾ ਹੋਰ ਵੱਡਾ ਹੋਣ ਲੱਗਦਾ ਹੈ, ਚਾਰ-ਪੰਜ ਕੁ ਵਰ੍ਹਿਆਂ ਦਾ ਤਾਂ ਹੋਰ ਆਲੇ-ਦੁਆਲੇ ਨੂੰ ਸਵਾਰ ਕੇ ਰੱਖਣ ਦੀਆਂ ਆਦਤਾਂ ਪਾਓ ਜਿਵੇਂ ਕਿ ਹਰ ਚੀਜ਼ ਟਿਕਾਣੇ ਤੇ ਰੱਖਣੀ, ਆਪਣੀਆਂ ਚੀਜ਼ਾਂ ਤੇ ਖਿਲੌਣਿਆਂ ਨੂੰ ਸੰਭਾਲ ਕੇ ਰੱਖਣਾ, ਕੁਝ ਵੀ ਖਾ ਕੇ ਬਰਤਨ ਜਾਂ ਲਿਫ਼ਾਫ਼ਾ ਵਗ਼ੈਰਾ ਉੱਥੇ ਹੀ ਨਹੀਂ ਸੁਟਣਾ, ਸਫ਼ਾਈ ਬਾਰੇ ਵੀ ਜਾਗਰੂਕ ਕਰਨਾ ਆਦਿ ਕਈ ਗੱਲਾਂ।

ਗ਼ਲਤ ਆਦਤ

ਮੁੱਢ ਤੋਂ ਇਕ ਹੋਰ ਅਹਿਮ ਗ਼ਲਤ ਆਦਤ ਤੋਂ ਉਸ ਨੂੰ ਦੂਰ ਰੱਖਣਾ ਜੋ ਕਿ ਅੱਜ ਦੇ ਯੁੱਗ ਦੀ ਵੱਡੀ ਸਮੱਸਿਆ ਹੈ ਉਹ ਹੈ 'ਮੋਬਾਇਲ ਫ਼ੋਨ'। ਕਈ ਵਾਰ ਅਸੀਂ ਖੇਡ ਦੇ ਤੌਰ 'ਤੇ ਬੱਚਿਆਂ ਨੂੰ ਫੋਨ ਦੇ ਦਿੰਦੇ ਹਾਂ ਤੇ ਬੱਚਿਆ ਨੂੰ ਵੀ ਬਹੁਤ ਜ਼ਬਰਦਸਤ ਚਸਕਾ ਲੱਗ ਜਾਂਦਾ ਹੈ ਕਿ ਫੋਨ ਤੋਂ ਬਿਨਾਂ ਨਾ ਖਾਣਾ ਨਾ ਪੀਣਾ ਨਾ ਕੋਈ ਹੋਰ ਕੰਮ ਦੇ ਆਖੇ ਲੱਗਣਾ। ਬਾਅਦ 'ਚ ਮਾਪਿਆਂ ਨੂੰ ਖ਼ੁਦ ਦੀ ਸਹੇੜੀ ਮੁਸੀਬਤ ਬਹੁਤ ਤੰਗ ਕਰਦੀ ਹੈ। ਇਸ ਲਈ ਕੋਸ਼ਿਸ਼ ਇਹੀ ਹੋਵੇ ਕਿ ਬੱਚਿਆਂ ਦੀ ਮੌਜੂਦਗੀ ਵਿਚ ਫੋਨ ਜਾਂ ਟੀਵੀ ਦੀ ਬਹੁਤ ਹੀ ਘੱਟ ਵਰਤੋਂ ਕਰਨੀ ਚਾਹੀਦੀ ਹੈ ਅਤੇ ਉਨ੍ਹਾਂ ਦੀ ਪਹੁੰਚ ਤੋਂ ਪਾਸੇ ਰੱਖਣਾ ਚਾਹੀਦਾ ਹੈ। ਦੂਜੀ ਵੱਡੀ ਮੁਸੀਬਤ ਹੈ ਅੱਜ ਦੇ ਸਮੇਂ ਵਿਚ 'ਜੰਕ ਫੂਡ, ਟਾਫ਼ੀਆਂ ਅਤੇ ਸਨੈਕਸ' ਉਦਾਹਰਣ ਦੇ ਤੌਰ ਤੇ ਕੋਲਡਰਿੰਕ ਤੇ ਲੇਅਜ਼ ਜਾਂ ਕੁਰਕੁਰੇ। ਇਨ੍ਹਾਂ ਦਾ ਵੀ ਅਸੀਂ ਖ਼ੁਦ ਹੀ ਉਨ੍ਹਾਂ ਨੂੰ ਆਦੀ ਬਣਾਉਂਦੇ ਹਾਂ ਵਰਨਾ ਉਨ੍ਹਾਂ ਨੂੰ ਪਹਿਲਾਂ ਇਸ ਬਾਰੇ ਕੋਈ ਜਾਣਕਾਰੀ ਨਹੀਂ ਹੁੰਦੀ।

ਪੱਤਰ ਹਰੇ ਕਰੂਰ

ਪੱਕੇ ਪੈਰੀਂ ਤੁਰਿਆ ਸ਼ਾਇਰ

ਵੀਤ ਬਾਦਸ਼ਾਹਪੁਰੀ

ਬੇਸ਼ੱਕ ਪੰਜਾਬੀ ਸਾਹਿਤ ਨਿਰੰਤਰ ਲਿਖਿਆ ਜਾ ਰਿਹਾ ਹੈ ਪਰ ਵਿਰਲੇ ਹੀ ਸਾਹਿਤਕਾਰ ਹਨ ਜੋ ਪਾਠਕਾਂ ਦੇ ਦਿਲਾਂ ਵਿਚ ਜਗ੍ਹਾ ਬਣਾਉਣ ਵਿਚ ਕਾਮਯਾਬ ਹੁੰਦੇ ਹਨ।

ਪੰਜਾਬੀ ਸਾਹਿਤ ਦੀ ਜ਼ਮੀਨ ਵਿਚ ਸੰਗਰੂਰ ਜ਼ਿਲ੍ਹੇ ਦੇ ਪਿੰਡ ਬਾਦਸ਼ਾਹਪੁਰ ਦਾ ਨੌਜਵਾਨ ਕਵੀ ਵੀਤ ਬਾਦਸ਼ਾਹਪੁਰੀ ਵੀ ਕਈ ਸਾਲਾਂ ਤੋਂ ਬੀਜ ਬੋਅ ਰਿਹਾ ਹੈ ਜੋ ਉਨ੍ਹਾਂ ਨੂੰ ਪੜ੍ਹਣ ਵਾਲਿਆਂ ਦੇ ਸਿੱਧਾ ਦਿਲ ਤੇ ਪੁੰਗਰਦੇ ਹਨ।

ਪਿਤਾ ਦਲਬਾਰਾ ਸਿੰਘ ਤੇ ਮਾਤਾ ਪਰਮਜੀਤ ਕੌਰ ਦੇ ਘਰ 29 ਮਾਰਚ 1986 ਨੂੰ ਜਨਮੇ ਜਸਵੀਰ ਸਿੰਘ ਜਾਣੀ ਵੀਤ ਬਾਦਸ਼ਾਹਪੁਰੀ ਭੈਣ ਸੰਦੀਪ ਕੌਰ ਅਤੇ ਭਰਾ ਰਣਜੀਤ ਸਿੰਘ ਤੋਂ ਵੱਡਾ ਹੈ। ਪ੍ਰਾਇਮਰੀ ਸਿੱਖਿਆ ਪਿੰਡ ਦੇ ਸਰਕਾਰੀ ਸਕੂਲ ਅਤੇ ਅੱਗੇ ਬਾਰ੍ਹਵੀਂ ਤਕ ਦੀ ਪੜ੍ਹਾਈ ਨੇੜਲੇ ਪਿੰਡ ਘਨੌਰੀ ਕਲਾਂ ਤੋਂ ਪ੍ਰਾਪਤ ਕੀਤੀ। ਦੇਸ਼ ਭਗਤ ਕਾਲਜ, ਬਰੜ੍ਹਵਾਲ ਤੋਂ ਗ੍ਰੈਜੂਏਸ਼ਨ, ਮਸਤੂਆਣਾ ਸਾਹਿਬ ਤੋਂ ਬੀਐੱਡ ਕੀਤੀ। ਉੱਚ ਸਿੱਖਿਆ ਵਿਚ ਐੱਮਏ(ਰਾਜਨੀਤੀ ਸ਼ਾਸਤਰ) ਸਰਕਾਰੀ ਰਣਬੀਰ ਕਾਲਜ, ਸੰਗਰੂਰ, ਐੱਮ.ਏ. ਪੰਜਾਬੀ ਅਤੇ ਹਿਸਟਰੀ ਪ੍ਰਾਈਵੇਟ ਕੀਤੀ। ਕੁਝ ਵਰ੍ਹੇ ਪ੍ਰਾਈਵੇਟ ਸਕੂਲ ਵਿਚ ਬਤੌਰ ਪੰਜਾਬੀ ਅਧਿਆਪਕ ਪੜ੍ਹਾਉਂਦਾ ਰਿਹਾ।

ਵੀਤ ਦੀ ਕਵਿਤਾ ਵਿਚ ਇਕ ਨਵੇਕਲੀ ਸੁਰ ਹੈ। ਉਸ ਨਿੱਜ ਤੋਂ ਸ਼ੁਰੂ ਹੋ ਪਰ ਤਰ ਦੇ ਦਰਦ ਦਾ ਸਫ਼ਰ ਤੈਹ ਕਰਦਾ ਹੈ।

ਉਸ ਦੀ ਪਹਿਲੀ ਕਿਤਾਬ 'ਤਾਰਿਆਂ ਤੋਂ ਪਾਰ', ਦੂਜੀ 'ਸਵੇਰਾ ਦੂਰ ਨਹੀਂ' ਤੀਜੀ ਕਿਤਾਬ 'ਬੇਜਰ ਗ਼ਲਤੀਆਂ' ਛਪੀ। ਆਓ ਮਾਣੀਏ ਉਸ ਦੀਆਂ ਕਵਿਤਾਵਾਂ ਦਾ ਅਨੰਦ।

• ਗੋਬਿੰਦਰ ਸਿੰਘ 'ਬਰੜ੍ਹਵਾਲ'

ਕਵਿਤਾਵਾਂ

ਰਾਤ ਮੁੱਕਣ ਵਾਲੀ ਹੈ

ਸਵੇਰਾ ਬਹੁਤੀ ਦੂਰ ਨਹੀਂ, ਰਾਤ ਹੁਣ ਮੁੱਕਣ ਵਾਲੀ ਹੈ।
ਜ਼ਾਲਮ ਤੇਰੀ ਹਕੂਮਤ ਦੀ, ਬਾਤ ਹੁਣ ਮੁੱਕਣ ਵਾਲੀ ਹੈ।

ਲਾਹ ਕੇ ਭੇਖ ਮਜ਼ਹਬਾਂ ਦਾ, ਅਸੀਂ ਇਕ ਹੈ ਹੋ ਜਾਣਾ,
ਜ਼ੁਲਮ ਦੇ ਖਿਲਾਫ਼ ਛੇੜੀ ਹੀ, ਹਨੇਰੀ ਉੱਠਣ ਵਾਲੀ ਹੈ।

ਇਨਕਲਾਬ ਦੀ ਜੋ ਚੰਗਾਰੀ, ਵਤਨ ਦੇ ਸ਼ਹੀਦ ਜਲ੍ਹਾ ਗਏ ਨੇ,
ਹਾਲੇ ਕਈ ਦਿਲਾਂ 'ਚ ਧੁੱਖਦੀ ਉਹ, ਕਦੇ ਨਾ ਬੁਝਣ ਵਾਲੀ ਹੈ।

ਹੁਣ ਸਾਡੀਆਂ ਸੋਚਾਂ ਨੇ, ਸੱਜਣਾ ਹੈ ਦੁਲਹਣ ਦੇ ਵਾਂਗੂ,
ਛੇੜੀ ਹੀ ਆਜ਼ਾਦੀ ਦੀ, ਬਾਰਾਤ ਹੁਣ ਢੁੱਕਣ ਵਾਲੀ ਹੈ।

'ਵੀਤ' ਉੱਡਣਾ ਹੈ ਹੁਣ ਅਸੀਂ, ਨਵੇਂ ਅੰਬਰ ਦੀ ਤਲਾਸ਼ ਲਈ,
ਪੈਰਾਂ 'ਚੋਂ ਗ਼ੁਲਾਮੀ ਦੀ, ਜ਼ੰਜੀਰ ਹੁਣ ਟੁੱਟਣ ਵਾਲੀ ਹੈ।

ਹਕੂਮਤ

ਨਸ਼ਿਆਂ ਵਿਰੁੱਧ ਪਬਲਿਕ ਨੂੰ ਜਾਗਰੂਕ ਕਰਨ ਲਈ ਖਿਡਾਰੀਆਂ ਦਾ ਅੱਗੇ ਆਉਣਾ ਸ਼ਲਾਘਾਯੋਗ ਉਪਰਾਲਾ: ਸਤਨਾਮ ਮੈਦੇਵਾਸ

ਪਟਿਆਲਾ, 14 ਮਈ
-ਅਮਰਜੀਤ ਸਿੰਘ ਲਾਂਬਾ-
-ਕੌਮੀ ਪੱਤ੍ਰਿਕਾ ਬਿਊਰੋ-

ਨਿਊ ਜਨਰੇਸਨ ਸਪੋਰਟਸ ਕਲੱਬ ਵਲੋਂ ਯੂਥ ਫੈਡਰੇਸ਼ਨ ਆਫ ਇੰਡੀਆ ਅਤੇ ਪਾਵਰ ਹਾਊਸ ਯੂਥ ਕਲੱਬ, ਯੂਵਕ ਸੇਵਾਵਾਂ ਕਲੱਬ ਦੀਪ ਨਗਰ ਦੇ ਸਹਿਯੋਗ ਨਾਲ ਕ੍ਰਿਕਟ ਟੂਰਨਾਮੈਂਟ ਦਾ ਆਯੋਜਨ ਕੀਤਾ ਗਿਆ ਜਿਸ ਵਿਚ ਮੁੱਖ ਮਹਿਮਾਨ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ ਮੈਬਰ ਨਸਾ ਮੁਕਤ ਭਾਰਤ ਅਭਿਆਨ ਮੈਂਬਰ ਜ਼ਿਲ੍ਹਾ ਸਾਝ ਕੇਂਦਰ, ਮੈਬਰ ਜ਼ਿਲ੍ਹਾ ਯੁਵਾ ਸਾਂਝ ਕਮੇਟੀ ਨੇ ਸ਼ਿਰਕਤ ਕੀਤੀ, ਪ੍ਰੋਗਰਾਮ ਦੀ ਪ੍ਰਧਾਨਗੀ ਸਤਨਾਮ ਸਿੰਘ ਸਾਬਕਾ ਸਰਪੰਚ ਮੈਦੇਵਾਸ ਨੇ ਕੀਤੀ,,ਵਿਸ਼ੇਸ਼ ਤੌਰ ਕਲੱਬ ਪ੍ਰਧਾਨ ਗੁਰਵਿੰਦਰ ਸਿੰਘ ਬੈਨੀਪਾਲ ,ਯਾਦ ਸਿੱਧੂ, ਜਗਸੀਰ ਸਿੱਧੂ, ਦਲਬੀਰ ਬੈਨੀਪਾਲ,ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ, ਜਸਪਾਲ ਟਿੱਕਾ,, ਰੁਦਰਪ੍ਰਤਾਪ ਸਿੰਘ ਪ੍ਰਧਾਨ ਯੂਵਕ ਸੇਵਾਵਾਂ ਕਲੱਬ ਦੀਪ ਨਗਰ, ਸੰਦੀਪ ਸਿੱਧੂ, ਅਵਤਾਰ ਸਿੱਧੂ, ਬਿੱਟੂ ਗਿੱਲ, ਲਾਡੀ ਭੈਣੀ, ਕੁਲਵਿੰਦਰ ਗਿੱਲ,ਲੱਕੀ ਹਰਦਾਸਪੁਰ ਨੇ ਸ਼ਿਰਕਤ ਕੀਤੀ, ਇਸ ਮੌਕੇ ਸੰਬੋਧਨ ਕਰਦਿਆਂ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਨੇ ਕਿਹਾ ਕਿ ਖੇਡਾਂ ਹੀ ਨਿਰੋਏ ਸਮਾਜ ਦੀ ਸਿਰਜਣਾ ਕਰ ਸਕਦੀਆਂ ਹਨ, ਉਹਨਾਂ ਕਿਹਾ ਕਿ ਨੌਜਵਾਨ ਖਿਡਾਰੀਆਂ ਵਲੋਂ ਪਬਲਿਕ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਨ ਲਈ ਅੱਗੇ ਆਉਣਾ ਸ਼ਲਾਘਾਯੋਗ ਉਪਰਾਲਾ ਹੈ, ਉਹਨਾਂ ਕਿਹਾ ਕਿ ਨੌਜਵਾਨਾਂ ਨੂੰ ਵੱਧ ਤੋਂ ਵੱਧ ਖੇਡਾਂ ਵੱਲ ਰੁਚੀ ਲੈਣੀ ਚਾਹੀਦੀ ਹੈ ਤਾਂ ਜੋ ਉਹਨਾਂ ਦਾ ਸ਼ਰੀਰ ਤੰਦਰੁਸਤ ਰਹੇ ਉਨ੍ਹਾਂ ਕਿਹਾ ਕਿ ਖੇਡਾਂ ਵੱਲ ਪ੍ਰੇਰਿਤ ਨੌਜਵਾਨ ਨਸ਼ਿਆਂ ਤੋਂ ਦੂਰ ਰਹਿੰਦੇ ਹਨ ਉਹਨਾਂ ਹੋਰਨਾਂ ਨੌਜਵਾਨਾ ਨੂੰ ਵੀ ਖੇਡਾਂ ਵੱਲ ਰੁਚੀ ਲੈਣ ਲਈ ਜਾਗਰੂਕ ਕੀਤਾ, ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਵੱਗ ਰਹੇ ਨਸ਼ਿਆਂ ਦੇ ਛੇਵੇਂ ਦਰਿਆ ਨੂੰ ਠੱਲ੍ਹਣ ਲਈ ਨੌਜਵਾਨ ਪੀੜ੍ਹੀ ਦਾ ਅੱਗੇ ਆਉਣਾ ਸਮੇ ਦੀ ਮੁੱਖ ਲੋੜ ਹੈ।

ਕ੍ਰਿਕਟ ਟੂਰਨਾਮੈਂਟ ਦਾ ਉਦਘਾਟਨ ਕਰਦੇ ਹੋਏ , ਸਟੇਟ ਐਵਾਰਡੀ ਪਰਮਿੰਦਰ ਭਲਵਾਨ, ਸਤਨਾਮ ਸਿੰਘ ਸਰਪੰਚ ਮੈਦੇਵਾਸ ਅਤੇ ਹੋਰ

ਵੋਟ ਜਾਗਰੂਕਤਾ ਲਈ ਸਵੀਪ ਅਧੀਨ ਲੋਕਾਂ ਨੂੰ ਕੀਤਾ ਗਿਆ ਜਾਗਰੂਕ

ਬਰਨਾਲਾ, 14 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਜ਼ਿਲ੍ਹਾ ਚੋਣ ਅਫ਼ਸਰ ਕਮ ਡਿਪਟੀ ਕਮਿਸ਼ਨਰ ਬਰਨਾਲਾ ਸ੍ਰੀਮਤੀ ਪੂਨਮਦੀਪ ਕੌਰ ਦੇ ਦਿਸ਼ਾ ਨਿਰਦੇਸ਼ ਅਧੀਨ ਰਿਟਰਨਿੰਗ ਅਫ਼ਸਰ ਬਰਨਾਲਾ ਕਮ ਐੱਸ.ਡੀ.ਐੱਮ ਬਰਨਾਲਾ ਸ੍ਰੀ ਵਰਿੰਦਰ ਸਿੰਘ ਦੀ ਅਗਵਾਈ ਹੇਠ ਲੋਕਾਂ ਨੂੰ 1 ਜੂਨ ਨੂੰ ਵੋਟ ਪਾਉਣ ਲਈ ਪ੍ਰੇਰਿਆ ਗਿਆ।ਵਿਨਸੀ ਜਿੰਦਲ ਸਵੀਪ ਨੋਡਲ ਅਫ਼ਸਰ ਬਰਨਾਲਾ 103 ਅਤੇ ਸਵੀਪ ਟੀਮ ਨੇ ਵੱਖ ਵੱਖ ਸਕੂਲਾਂ ਦੇ ਵਿਦਿਆਰਥੀਆਂ , ਸਵੀਪ ਇੰਚਾਰਜਾਂ ਦੀ ਮਦਦ ਨਾਲ ਲੋਕਾਂ ਨੂੰ ਪਹਿਲੀ ਜੂਨ ਨੂੰ ਹੋਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਵੱਧ ਚੜ ਕੇ ਭਾਗ ਲੈਣ ਲਈ ਪ੍ਰੇਰਿਤ ਕੀਤਾ।

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹੰਡਿਆਇਆ, ਧਨੌਲਾ ਲੜਕੇ ਅਤੇ ਲੜਕੀਆਂ ਸਕੂਲ, ਕੱਟੂ ,ਹਾਈ ਸਕੂਲ ਨੰਗਲ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਘਰ - ਘਰ , ਦੁਕਾਨ - ਦੁਕਾਨ ਜਾ ਕੇ ਲੋਕਾਂ ਨੂੰ ਵੋਟ ਦੀ ਮਹੱਤਤਾ ਬਾਰੇ ਜਾਣੂ ਕਰਵਾਇਆ ਅਤੇ ਆਪਣੀ ਆਪਣੀ ਵੋਟ ਦੇ ਸਹੀ ਇਸਤਮਾਲ ਕਰਨ ਹਿੱਤ ਪ੍ਰੇਰਿਤ ਕੀਤਾ। ਉਨ੍ਹਾਂ ਲੋਕਾਂ ਨੂੰ ਬਿਨ੍ਹਾਂ ਕਿਸੇ ਲਾਲਚ ਅਤੇ ਡਰ ਤੋਂ ਆਪਣੀ ਵੋਟ ਦਾ ਇਸਤਮਾਲ ਕਰਨ ਲਈ ਅਪੀਲ ਵੀ ਕੀਤੀ। ਪੰਕਜ ਗੋਇਲ ਸਹਾਇਕ ਨੋਡਲ ਅਫ਼ਸਰ ਨੇ ਲੜਕੀਆਂ ਅਤੇ ਇਸਤਰੀਆਂ ਨੂੰ ਅਪੀਲ ਕੀਤੀ ਕਿ ਉਹ ਵੀ ਲੋਕਤੰਤਰ ਦੀ ਸਫਲਤਾ ਲਈ ਆਪਣੀ ਵੋਟ ਦੇ ਅਧਿਕਾਰ ਦੀ ਵਰਤੋਂ ਕਰਕੇ ਆਪਣਾ ਯੋਗਦਾਨ ਪਾਉਣ।

ਲੁੱਟਾਂ ਖੋਹਾਂ ਕਰਨ ਵਾਲੇ ਗਰੋਹ ਦੇ 11 ਮੈਂਬਰ ਗ੍ਰਿਫ਼ਤਾਰ

ਅੰਮ੍ਰਿਤਸਰ, 14 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਪੁਲੀਸ ਨੇ ਹਥਿਆਰਾਂ ਦੀ ਨੋਕ ਤੇ ਲੁੱਟਾਂ ਖੋਹਾਂ ਕਰਨ ਵਾਲੇ ਗਰੋਹ ਦੇ 11 ਮੈਂਬਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ, ਜਿਨ੍ਹਾਂ ਕੋਲੋਂ 23 ਮੋਬਾਈਲ ਫੋਨ, ਪੰਜ ਮੋਟਰਸਾਈਕਲ, ਤਿੰਨ ਦਾਤਰ, ਕਿਰਪਾਨਾਂ, ਬੇਸਬੈਟ ਤੇ ਹੋਰ ਹਥਿਆਰ ਬਰਾਮਦ ਕੀਤੇ ਹਨ। ਏਡੀਸੀਪੀ ਦਰਪਨ ਆਲੂਵਾਲੀਆ ਨੇ ਦੱਸਿਆ ਕਿ ਇਸ ਮਾਮਲੇ ਵਿੱਚ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਦੀ ਸ਼ਨਾਖਤ ਮਨਵੀਰ ਬਾਵਾ ਉਰਫ ਬਾਵਾ, ਵਿਸ਼ਾਲ ਮਹਿਰਾ ਉਰਫ ਭੂਤ, ਪ੍ਰਭਜੋਤ ਸਿੰਘ ਉਰਫ ਪ੍ਰਭ, ਕਰਨ ਉਰਫ ਪਿੱਚੂ, ਹਿਮਾਸ਼ੂ ਕੁਮਾਰ, ਲਵ ਸ਼ਰਮਾ, ਨਿਤੀਸ਼, ਰਾਹੁਲ, ਰਾਘਵ, ਗੁਰਦਿਆਲ ਸਿੰਘ ਉਰਫ ਗਗਨ ਵਜੋਂ ਹੋਈ ਹੈ ਅਤੇ ਇਨ੍ਹਾਂ ਵਿੱਚ ਇੱਕ ਨਾਬਾਲਗ ਵੀ ਸ਼ਾਮਲ ਹੈ।

ਉਨ੍ਹਾਂ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਵਿੱਚੋਂ ਵਧੇਰੇ 19 ਤੋਂ 21 ਸਾਲ ਦੇ ਨੌਜਵਾਨ ਹਨ। ਇਸ ਗਰੋਹ ਦਾ ਮੁਖੀ ਮਨਵੀਰ ਬਾਵਾ ਹੈ। ਇਨ੍ਹਾਂ ਨੇ ਪਿਛਲੇ ਤਿੰਨ ਮਹੀਨਿਆਂ ਦੌਰਾਨ ਪਿੰਕ ਪਲਾਜ਼ਾ, ਰਣਜੀਤ ਐਵੀਨਿਊ, ਇਸਲਾਮਾਬਾਦ, ਘਨੂਪੁਰ ਕਾਲੇ, ਤਾਰਾਂ ਵਾਲਾ ਪੁੱਲ, ਭਗਤਾਂ ਵਾਲਾ ਦਾਣਾ ਮੰਡੀ, ਗੁਰੂ ਨਾਨਕਪੁਰਾ, ਪੁਤਲੀ ਘਰ ਆਦਿ ਇਲਾਕਿਆਂ ਵਿੱਚ ਰਾਤ ਵੇਲੇ 30 ਤੋਂ ਵੱਧ ਘਟਨਾਵਾਂ ਨੂੰ ਅੰਜਾਮ ਦਿੱਤਾ। ਉਨ੍ਹਾਂ ਦੱਸਿਆ ਕਿ ਮੁਲਜ਼ਮ ਰਾਤ ਵੇਲੇ ਘਰ ਪਰਤ ਰਹੇ ਦੁਕਾਨਦਾਰਾਂ ਅਤੇ ਹੋਰ ਮੋਟਰਸਾਈਕਲ ਸਵਾਰਾਂ ਨੂੰ ਨਿਸ਼ਾਨਾ ਬਣਾਉਂਦੇ ਸਨ।

ਮਨਵੀਰ ਬਾਵਾ, ਵਿਸ਼ਾਲ ਮਹਿਰਾ, ਕਰਨ, ਰਾਹੁਲ, ਰਾਗਵ ਅਤੇ ਗੁਰਦਿਆਲ ਸਿੰਘ ਦੇ ਖਿਲਾਫ ਪਹਿਲਾਂ ਵੀ ਕੇਸ ਦਰਜ ਹਨ।

ਸਰਕਾਰੀ ਹਸਪਤਾਲ ਵਿਚਲੇ ਆਯੁਰਵੈਦਿਕ ਪੰਚਕਰਮਾ ਕੇਂਦਰ ਦੀ ਸਿਹਤ ਵਿਗੜੀ

ਬਠਿੰਡਾ, 14 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਲੋਕ ਸਭਾ ਚੋਣਾਂ ਦੇ ਸ਼ੋਰ ਹੇਠ ਲੋਕ ਮੁੱਦੇ ਗਾਇਬ ਨਜ਼ਰ ਆ ਰਹੇ ਹਨ। ਅਜਿਹਾ ਹੀ ਇੱਕ ਮਸਲਾ ਬਠਿੰਡਾ ਦੇ ਸਿਹਤ ਕੇਂਦਰ ਨਾਲ ਜੁੜਿਆ ਹੋਇਆ ਹੈ ਪਰ ਬਠਿੰਡਾ ਦੇ ਸਰਕਾਰੀ ਹਸਪਤਾਲ ਵਿੱਚ ਇੱਕ ਅਜਿਹਾ ਆਯੁਰਵੈਦਿਕ ਸਿਹਤ ਕੇਂਦਰ ਵੀ ਚੱਲ ਰਿਹਾ ਹੈ ਜਿਸ ਦੀ ਸਾਰ ਲਏ ਨੂੰ ਮੁੱਦਤਾਂ ਬੀਤ ਗਈਆਂ ਹਨ।

ਇਸ ਸਿਹਤ ਕੇਂਦਰ ਦੀ ਖੰਡਰ ਹੋ ਰਹੀ ਇਮਾਰਤ ਵਿਚਲਾ ਸਟਾਫ ਵੱਟ ਜ਼ਮਾਨਾ ਕੱਟ ਭਲੇ ਦਿਨ ਆਵਣਗੇ ਦੀ ਉਡੀਕ ਕਰ ਰਿਹਾ ਹੈ। ਬਠਿੰਡਾ ਦੇ ਆਯੁਰਵੈਦਿਕ ਪੰਚਕਰਮਾ ਸਿਹਤ ਕੇਂਦਰ ਦੇ ਡਾਕਟਰ ਇਸ ਕਦਰ ਫਸੇ ਹੋਏ ਹਨ ਕਿ ਨਾ ਤਾਂ ਇਸ ਦੀ ਇਮਾਰਤ ਦੇ ਨਵੀਨੀਕਰਨ ਲਈ ਪੰਜਾਬ ਦਾ ਸਿਹਤ ਵਿਭਾਗ ਹੱਥ ਫੜ ਰਿਹਾ ਹੈ ਅਤੇ ਨਾ ਹੀ ਆਯੂਸ਼ ਵਿਭਾਗ ਵੱਲੋਂ ਉਨ੍ਹਾਂ ਨੂੰ ਕੋਈ ਗਰਾਂਟ ਜਾਰੀ ਕੀਤੀ ਜਾ ਰਹੀ।

ਗੌਰਤਲਬ ਹੈ ਕਿ ਇਸ ਖੰਡਰਨੁਮਾ ਇਮਾਰਤ ਅੰਦਰ ਨੈਸ਼ਨਲ ਹੈਲਥ ਮਿਸ਼ਨ (ਐੱਨਐੱਚਐੱਮ) ਅਧੀਨ ਪੰਜਾਬ ਦਾ ਸਭ ਤੋਂ ਸਫਲ ਪੰਚਕਰਮਾਂ ਸੈਂਟਰ ਚਲਾਇਆ ਜਾ ਰਿਹਾ ਹੈ, ਜਿਸ ਵਿੱਚ ਹਰ ਰੋਜ਼ ਵੱਖ -ਵੱਖ ਬਿਮਾਰੀਆਂ ਨਾਲ ਸਬੰਧਤ 50 ਤੋਂ 60 ਮਰੀਜ਼ ਹਰ ਰੋਜ਼ ਇਲਾਜ ਲਈ ਪੁੱਜਦੇ ਹਨ। ਡਾਕਟਰੀ ਅਮਲੇ ਦਾ ਕਹਿਣਾ ਹੈ ਇਨ੍ਹਾਂ ਮਰੀਜ਼ਾਂ ਵਿੱਚ ਰਾਜਸਥਾਨ ਤੇ ਹਰਿਆਣਾ ਦੇ ਮਰੀਜ਼ ਵੀ ਸ਼ਾਮਲ ਹਨ। ਇਸ ਸਿਹਤ ਕੇਂਦਰ ਦੇ ਡਾਕਟਰ ਅਨੁਰਾਗ ਗਿਰਧਰ ਦਾ ਕਹਿਣਾ ਹੈ ਕਿ ਸਿਹਤ ਵਿਭਾਗ ਵੱਲੋਂ ਦਿੱਤੀ ਗਈ ਬਿਲਡਿੰਗ ਦੇ ਨਵੀਨੀਕਰਨ ਬਾਰੇ ਕਈ ਵਾਰ ਪੰਜਾਬ ਦੇ ਸਿਹਤ ਵਿਭਾਗ ਅਤੇ ਆਯੂਸ਼ ਵਿਭਾਗ ਤੋਂ ਇਲਾਵਾ ਡਿਪਟੀ ਕਮਿਸ਼ਨਰ ਨੂੰ ਪੱਤਰ ਲਿੱਖੇ ਗਏ ਹਨ ਪਰ ਹਾਲੇ ਤੱਕ ਯਤਨਾਂ ਨੂੰ ਬੂਰ ਨਹੀਂ ਪੈ ਰਿਹਾ।



ਇਸ ਸਬੰਧੀ ਆਯੂਸ਼ ਵਿਭਾਗ ਦੇ ਜ਼ਿਲ੍ਹਾ ਸਿਹਤ ਅਫਸਰ ਬਲਦੇਵ ਰਾਜ ਬਾਂਸਲ ਨਾਲ ਗੱਲ ਕੀਤੀ ਗਈ ਉਨ੍ਹਾਂ ਕਿਹਾ ਕਿ ਖੰਡਰ ਹੋਈ ਇਮਾਰਤ ਬਾਰੇ ਉਹ ਡਾਇਰੈਕਟਰ ਅਯੂਸ਼ ਵਿਭਾਗ ਸਮੇਤ ਡਿਪਟੀ ਕਮਿਸ਼ਨਰ ਬਠਿੰਡਾ ਨੂੰ ਪੱਤਰ ਲਿਖ ਚੁੱਕੇ ਹਨ। ਉਨ੍ਹਾਂ ਕਿਹਾ ਕਿ ਨੈਸ਼ਨਲ ਹੈਲਥ ਮਿਸ਼ਨ ਅਧੀਨ ਚੱਲ ਰਹੇ ਇਸ ਪੰਚਕਰਮਾ ਸਿਹਤ ਕੇਂਦਰ ਦੀ ਇਮਾਰਤ ਦਾ ਸਵਾਲ ਹੈ, ਇਹ ਸਿਹਤ ਵਿਭਾਗ ਬਠਿੰਡਾ ਅਧੀਨ ਆਉਂਦੀ ਹੈ। ਉਹਨਾਂ ਕਿਹਾ ਕਿ ਜੇ ਸਿਵਲ ਸਰਜਨ ਚਾਹੁਣ ਤਾਂ ਇਮਾਰਤ ਦਾ ਨਵੀਨੀਕਰਨ ਸੰਭਵ ਹੋ ਸਕਦੇ ਹੈ।

ਸਿਹਤ ਕੇਂਦਰ ਦੀ ਖੰਡਰ ਹੋ ਰਹੀ ਇਮਾਰਤ ਬਾਰੇ ਜਦੋਂ ਸਿਵਲ ਸਰਜਨ ਬਠਿੰਡਾ ਤੇਜਵੰਤ ਸਿੰਘ ਢਿੱਲੋ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਉਨ੍ਹਾਂ ਵੱਲੋਂ ਸਿਰਫ ਇਸ ਸਿਹਤ ਕੇਂਦਰ ਨੂੰ ਇੱਕ ਇਮਾਰਤ ਮੁਹੱਈਆ ਕਰਵਾਈ ਗਈ ਸੀ। ਜਿੱਥੋਂ ਤੱਕ ਇਮਾਰਤ ਦਾ ਸਬੰਧ ਹੈ ਉਨ੍ਹਾਂ ਸਾਫ਼ ਮਨਾਂ ਕਰਦੇ ਹੋਏ ਕਿਹਾ ਡਿਪਟੀ ਕਮਿਸ਼ਨਰ ਬਠਿੰਡਾ ਨੂੰ ਪੱਤਰ ਲਿਖ ਚੁੱਕੇ ਹਨ। ਉਨ੍ਹਾਂ ਕਿਹਾ ਕਿ ਨੈਸ਼ਨਲ ਹੈਲਥ ਮਿਸ਼ਨ ਅਧੀਨ ਚੱਲ ਰਹੇ ਇਸ ਪੰਚਕਰਮਾ ਸਿਹਤ ਕੇਂਦਰ ਦੀ ਇਮਾਰਤ ਦਾ ਸਵਾਲ ਹੈ, ਇਹ ਸਿਹਤ ਕਿ ਆਯੂਸ਼ ਵਿਭਾਗ ਹੀ ਇਸ ਇਮਾਰਤ ਦੀ ਕਾਇਆਕਲਪ ਕਰ ਸਕਦਾ ਹੈ।

ਸ਼ਹੀਦ ਹੌਲਦਾਰ ਬਿੱਕਰ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਆਫ਼ ਐਮੀਨੈਂਸ, ਬਰਨਾਲਾ ਦਾ ਅੱਠਵੀਂ, ਦਸਵੀਂ ਅਤੇ ਬਾਰਵੀਂ ਜਮਾਤ ਦਾ ਨਤੀਜਾ ਰਿਹਾ ਸ਼ਾਨਦਾਰ

ਬਰਨਾਲਾ, 14 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ ਸਿੱਖਿਆ) ਸ਼੍ਰੀਮਤੀ ਇੰਦੂ ਸਿਮਕ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਡਾ. ਬਰਜਿੰਦਰਪਾਲ ਸਿੰਘ ਦੀ ਯੋਗ ਰਹਿਨੁਮਾਈ ਤੇ ਪ੍ਰਿੰਸੀਪਲ ਸ੍ਰੀ ਹਰੀਸ਼ ਬਾਂਸਲ ਦੀ ਸੁਚੱਜੀ ਅਗਵਾਈ ਹੇਠ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਆਫ਼ ਐਮੀਨੈਂਸ ਬਰਨਾਲਾ ਦਾ ਅੱਠਵੀਂ , ਦਸਵੀਂ ਅਤੇ ਬਾਰਵੀਂ ਜਮਾਤ ਦਾ ਸਲਾਨਾ ਨਤੀਜਾ ਸ਼ਾਨਦਾਰ ਰਿਹਾ ਹੈ। ਅੱਠਵੀਂ ਜਮਾਤ ਦੇ ਕੁੱਲ 146/ 146 ਵਿਦਿਆਰਥੀਆਂ ਵਿੱਚੋਂ 126 ਵਿਦਿਆਰਥੀ ਫਸਟ ਡਵੀਜ਼ਨ ਵਿੱਚ ਅਤੇ 20 ਵਿਦਿਆਰਥੀ ਸੈਕਿੰਡ ਡਵੀਜ਼ਨ ਵਿੱਚ ਪਾਸ ਹੋਏ ਹਨ । ਅੱਠਵੀਂ ਸ਼੍ਰੇਣੀ ਦੇ ਰੁਪਿੰਦਰ ਸਿੰਘ ਅਤੇ ਓਜਸ ਨੇ 528/600 ਅੰਕ ਪ੍ਰਾਪਤ ਕਰਕੇ ਪਹਿਲਾ , ਪਾਰਸ ਕੋਛੜ ਨੇ 524/ 600 ਅੰਕ ਪ੍ਰਾਪਤ ਕਰਕੇ ਦੂਜਾ ਅਤੇ ਅਮਿਤ ਨੇ 222/600 ਅੰਕ ਪ੍ਰਾਪਤ ਕਰਕੇ ਤੀਸਰਾ ਸਥਾਨ ਪ੍ਰਾਪਤ ਕੀਤਾ ਹੈ ।

ਇਸੇ ਤਰ੍ਹਾਂ ਮੈਟ੍ਰਿਕ ਪ੍ਰੀਖਿਆ ਦੀ ਵਿੱਚ ਵੀ 138/138 ਵਿਦਿਆਰਥੀਆਂ ਵਿੱਚੋਂ 104 ਵਿਦਿਆਰਥੀ ਫਸਟ ਡਿਵੀਜ਼ਨ ਵਿੱਚ ਅਤੇ 34 ਵਿਦਿਆਰਥੀ ਸੈਕਿੰਡ ਡਿਵੀਜ਼ਨ ਵਿੱਚ ਪਾਸ ਹੋਏ ਹਨ । ਦਸਵੀਂ ਜਮਾਤ ਦੇ ਸੋਨੂੰ ਨੇ 583/650 ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ , ਯੁਵਰਾਜ ਸਿੰਘ ਨੇ 567/650 ਅੰਕ ਪ੍ਰਾਪਤ ਕਰਕੇ ਦੂਸਰਾ ਸਥਾਨ ਅਤੇ ਨਵਦੀਪ ਸਿੰਘ ਨੇ 559/650 ਅੰਕ ਪ੍ਰਾਪਤ ਕਰਕੇ ਤੀਸਰਾ ਸਥਾਨ ਪ੍ਰਾਪਤ ਕੀਤਾ ਹੈ। ਇਸੇ ਤਰ੍ਹਾਂ ਹੀ ਸੀਨੀਅਰ ਸੈਕੰਡਰੀ ਪ੍ਰੀਖਿਆ ਵਿੱਚ ਕੁੱਲ 74/ 74 ਵਿਦਿਆਰਥੀਆਂ ਵਿੱਚੋਂ ਸਾਰੇ ਦੇ ਸਾਰੇ ਫਸਟ ਡਵੀਜ਼ਨ ਵਿੱਚ ਪਾਸ ਹੋਏ ਹਨ । ਆਰਟਸ ਗਰੁੱਪ ਦੇ ਵਰਿੰਦਰ ਸਿੰਘ ਨੇ 406/500 ਅੰਕ ਪ੍ਰਾਪਤ ਕਰਕੇ ਪਹਿਲਾ , ਸਤਵੀਰ ਸਿੰਘ ਨੇ 398/500 ਅੰਕ ਪ੍ਰਾਪਤ ਕਰਕੇ ਦੂਜਾ ਅਤੇ ਅਭਿਸ਼ੇਕ ਸਿੰਘ ਨੇ 396/ 500 ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ ਹੈ। ਇਲੈਕਟਰੋਨਿਕਸ ਵੋਕੇਸ਼ਨਲ ਗਰੁੱਪ ਦੇ ਅਰਵਿੰਦ ਸਿੰਘ ਨੇ 456/500 ਅੰਕ ਪ੍ਰਾਪਤ ਕਰਕੇ ਪਹਿਲਾ , ਨਿਰਮਲ ਸਿੰਘ ਨੇ 436/500 ਅੰਕ ਪ੍ਰਾਪਤ ਕਰਕੇ ਦੂਜਾ ਅਤੇ ਨਿਤਨ ਠਾਕੁਰ ਨੇ 433/ 500 ਅੰਕ ਪ੍ਰਾਪਤ ਕਰਕੇ ਤੀਸਰਾ ਸਥਾਨ ਹਾਸਿਲ ਕੀਤਾ ਹੈ।

ਪ੍ਰਿੰਸੀਪਲ ਸ੍ਰੀ ਹਰੀਸ਼ ਬਾਂਸਲ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਸਿੱਖਿਆ ਵਿਦਿਆਰਥੀਆਂ ਲਈ ਇੱਕ ਗਹਿਣੇ ਦੀ ਤਰ੍ਹਾਂ ਹੁੰਦੀ ਹੈ ਅਤੇ ਸਕੂਲ ਵੱਲੋਂ ਇਹ ਪੂਰੀ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਹਰ ਇੱਕ ਵਿਦਿਆਰਥੀ 'ਤੇ ਵਿਅਕਤੀਗਤ ਧਿਆਨ ਦੇ ਕੇ ਉਸ ਦੀਆਂ ਵਿੱਦਿਅਕ ਅਤੇ ਸਹਿ ਵਿੱਦਿਅਕ ਲੋੜਾਂ ਨੂੰ ਪੂਰਾ ਕੀਤਾ ਜਾ ਸਕੇ । ਇਸ ਮੌਕੇ ਪ੍ਰਿੰਸੀਪਲ , ਸਮੂਹ ਸਟਾਫ਼ ਮੈਂਬਰ ਅਤੇ ਸਕੂਲ ਮੈਨੇਜਮੈਂਟ ਕਮੇਟੀ ਦੇ ਚੈਅਰਮੈਨ ਅਤੇ ਸਾਰੇ ਮੈਂਬਰਾਂ ਨੇ ਵਿਦਿਆਰਥੀਆਂ ਅਤੇ ਉਹਨਾਂ ਦੇ ਸਤਿਕਾਰਯੋਗ ਮਾਤਾ-ਪਿਤਾ ਨੂੰ ਮੁਬਾਰਕਬਾਦ ਦਿੱਤੀ ਅਤੇ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

'ਆਪ' ਨੇ ਕੂੜੇ ਦੇ ਢੇਰਾਂ ਲਈ ਅਕਾਲੀ-ਭਾਜਪਾ ਨੂੰ ਘੇਰਿਆ

ਅੰਮ੍ਰਿਤਸਰ, 14 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਆਮ ਆਦਮੀ ਪਾਰਟੀ ਦੇ ਲੋਕ ਸਭਾ ਉਮੀਦਵਾਰ ਕੈਬਿਨਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਅੱਜ ਅਚਾਨਕ ਰਣਜੀਤ ਐਵੇਨਿਊ ਸਥਿਤ ਆਨੰਦ ਪਾਰਕ ਦੇ ਕੋਲ ਲੱਗੇ ਕੂੜੇ ਦੇ ਢੇਰ ਵਾਲੀ ਥਾਂ 'ਤੇ ਪੁੱਜੇ ਅਤੇ ਮੌਕਾ ਦੇਖਿਆ। ਇਸ ਮਗਰੋਂ ਪ੍ਰਸ਼ਾਸਨ ਨੇ ਇਕ ਘੰਟੇ ਵਿੱਚ ਹੀ ਉਥੋਂ ਉਹ ਸਾਰਾ ਕੂੜਾ ਚੁਕਵਾ ਦਿੱਤਾ।

ਧਾਲੀਵਾਲ ਨੇ ਕਿਹਾ ਕਿ ਅੱਜ ਸ਼ਹਿਰ ਵਾਸੀ ਕਈ ਅਜਿਹੀਆ ਮੁਸ਼

ਪੁਲਿਸ ਦੇ ਜਵਾਨ ਜਿਮੇਵਾਰੀ ਪੱਥ 'ਤੇ ਜਾਣ ਦੀ ਵੀ ਨਹੀਂ ਕਰਦੇ ਪਰਵਾਹ : ਡੀਜੀਪੀ ਸ਼ਤਰੂਜੀਤ ਕਪੂਰ

➢ ਹਰ ਜਵਾਨ ਪੂਰੇ ਸੇਵਾਕਾਲ ਦੌਰਾਨ ਹਮੇਸ਼ਾ ਯਾਦ ਰੱਖਣ ਪਾਸਿੰਗ ਆਊਟ ਪਰੇਡ ਦੀ ਸੁੰਹ ➢ ਹਰ ਜਿਲ੍ਹਾ ਵਿਚ ਬਣਾਇਆ ਗਿਆ ਹੈ ਸਾਈਬਰ ਥਾਨਾ ➢ ਕੰਨਵੋਕੇਸ਼ਨ ਸਮਾਰੋਹ ਵਿਚ ਸਾਬਕਾ ਫੌਜੀ ਕਾਡਰ ਦੇ 452 ਸਿਪਾਹੀਆਂ ਦੀ 8 ਟੁਕੜੀਆਂ ਨੇ ਕੀਤਾ ਮਾਰਚ ਪਾਸਟ

ਚੰਡੀਗੜ੍ਹ, 14 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਪੁਲਿਸ ਮਹਾਨਿਦੇਸ਼ਕ ਸ਼ਤਰੂਜੀਤ ਕਪੂਰ ਨੇ ਅੱਜ ਰੋਹਤਕ ਦੇ ਪੁਲਿਸ ਟ੍ਰੇਨਿੰਗ ਸੈਂਟਰ ਸੁਨਾਰਿਆ ਦੇ ਪੀਓਪੀ ਗਰਾਊਂਡ ਵਿਚ ਪ੍ਰਬੰਧਿਤ ਐਕਸ ਸਰਵਿਸਮੈਨ ਦੇ ਰਿਕਰੂਟਮੈਂਟ ਦੇ ਬੇਸਿਕ ਕੋਰਸ ਬੈਚ ਨੰਬਰ ਐਸ-14 ਦੀ ਪਾਸਿੰਗ ਆਊਟ ਪਰੇਡ ਦਾ ਨਿਰੀਖਣ ਕੀਤਾ ਤੇ ਸਲਾਮੀ ਲਈ।

ਪੁਲਿਸ ਮਹਾਨਿਦੇਸ਼ਕ ਸ਼ਤਰੂਜਤ ਕਪੂਰ ਨੇ ਪਰੇਡ ਦੀ ਸਲਾਮੀ ਲੈਣ ਬਾਅਦ ਜਵਾਨਾਂ ਨੂੰ ਸੰਬੋਧਿਤ ਕਰਦੇ ਹੋਏ ਕਿਹਾ ਕਿ ਕੰਨਵੋਕੇਸ਼ਨ ਪਰੇਡ ਕਿਸੇ ਵੀ ਪੁਲਿਸ ਕਰਮਚਾਰੀ ਲਈ ਇਹ ਮੌਕਾ ਇਕ ਗੌਰਵਮਈ ਪੱਲ ਹੁੰਦਾ ਹੈ। ਉਨ੍ਹਾਂ ਨੇ ਸਾਰੇ ਜਵਾਨਾਂ ਨੂੰ ਰਿਕਰੂਟਮੈਂਟ ਬੇਸਿਕ ਕੋਰਸ ਬਾਅਦ ਬਿਹਤਰੀਨ ਕੰਨਵੋਕੇਸ਼ਨ ਪਰੇਡ ਦੀ ਵਧਾਈ ਦਿੰਦੇ ਹੋਏ ਕਿਹਾ ਕਿ ਇਸ ਬੈਚ ਵਿਚ ਸਾਰੇ 452 ਸਿਪਾਹੀ ਐਕਸ ਸਰਵਿਸਮੈਨ ਹਨ। ਉਨ੍ਹਾਂ ਨੇ ਸੇਨਾ ਵਿਚ ਸਿਖਲਾਈ ਪ੍ਰਾਪਤ ਕਰ ਕੇ ਦੇਸ਼ ਦੀ ਸੇਵਾ ਕੀਤੀ ਹੈ। ਇਨ੍ਹਾਂ ਦਾ ਤਜਰਬਾ ਹੁਣ ਸੂਬੇ ਦੇ ਨਾਗਰਿਕਾਂ ਨੂੰ ਵੀ ਮਿਲੇਗਾ। ਉਨ੍ਹਾਂ ਨੇ ਕਿਹਾ ਕਿ ਪੁਲਿਸ ਦੇ ਹਰ ਕਰਮਚਾਰੀ ਦੀ ਜਿਮੇਵਾਰੀ ਨਾਗਰਿਕ ਦੇ ਜਾਣ-ਮਾਨ ਦੀ ਸੁਰੱਖਿਆ ਦੇ ਨਾਲ-ਨਾਲ ਕਾਨੂੰ ਵਿਵਸਥਾ ਬਣਾਏ ਰੱਖਣਾ ਹੈ।

ਉਨ੍ਹਾਂ ਨੇ ਕਿਹਾ ਕਿ ਹਰਿਆਣਾ ਪੁਲਿਸ ਅਪਰਾਧ ਤੇ ਅਪਰਾਧੀਆਂ ਨੂੰ ਪੂਰੀ ਤਰ੍ਹਾ ਖਤਮ ਕਰਨ ਦੇ ਲਈ ਕਾਨੂੰਨੀ ਤੇ ਵਿਭਾਗ ਦੀ ਹਰ ਜਰੂਰਤ ਪੂਰੀ ਕਰ ਰਿਹਾ ਹੈ। ਹਰ ਜਿਲ੍ਹਾ ਵਿਚ ਮਹਿਲਾ ਸੁਰੱਖਿਆ ਦੇ ਮੱਦੇਨਜਰ ਮਹਿਲਾ ਥਾਨੇ ਤੇ ਮਹਿਲਾ ਡੇਸਕ ਸਥਾਪਿਤ ਕੀਤੇ ਗਏ ਹਨ। ਸੂਬੇ ਵਿਚ ਨਸ਼ੇ ਦੇ ਕਾਰੋਬਾਰ ਨੂੰ ਪੂਰੀ ਤਰ੍ਹਾ ਨਾਲ ਖਤਮ ਕਰਨ ਅਤੇ ਨੌਜੁਆਨਾਂ ਨੂੰ ਨਸ਼ੇ ਤੋਂ ਦੂਰ ਰੱਖਣ ਦੇ ਲਈ ਵਿਸ਼ੇਸ਼ ਹਰਿਆਣਾ ਰਾਜ ਨਾਰਕੋਟਿਕਸ ਬੋਰਡ ਬਣਾਇਆ ਹੈ, ਜੋ ਹਰ ਜਿਲ੍ਹਾ ਵਿਚ ਨਸ਼ਾ ਮੁਕਤੀ ਮੁਹਿੰਮ ਚਲਾਉਣ ਦੇ ਨਾਲ-ਨਾਲ ਨਸ਼ੇ ਦੇ ਕਾਰੋਬਾਰ ਵਿਚ ਸ਼ਾਮਿਲ ਨਸ਼ਾ ਤਸਕਰਾਂ ਦੇ ਖਿਲਾਫ ਸਖਤ ਕਾਰਵਾਈ ਕਰ ਰਿਹਾ ਹੈ। ਵਿਭਾਗ ਵੱਲੋਂ ਪ੍ਰਬੰਧਿਤ ਸਾਈਕਲੋਥਾਨ ਵਿਚ ਹੋਈ ਅਪਾਰ ਜਨ ਭਾਗੀਦਾਰੀ ਇਸ ਗੱਲ ਦਾ ਪ੍ਰਮਾਣ ਹੈ ਕਿ ਸੂਬੇ ਦੀ ਜਨਤਾ ਨਸ਼ੇ ਖਿਲਾਫ ਪੂਰੀ ਤਰ੍ਹਾ ਸੁਚੇਤ ਹੈ ਅਤੇ ਜਨਤਾ ਨਸ਼ੇ ਦੇ ਖਿਲਾਫ ਇਕਜੁੱਟ ਹੋ ਕੇ ਕੰਮ ਕਰ ਰਹੀ ਹੈ।

ਉਨ੍ਹਾਂ ਨੇ ਕਿਹਾ ਕਿ ਸਾਈਬਰ ਕ੍ਰਾਇਮ ਨਾਲ ਨਜਿਠਣ ਲਈ ਹਰ ਜਿਲ੍ਹਾ ਵਿਚ ਸਾਈਬਰਜ ਥਾਨਾ ਬਦਾਇਆ ਗਿਆ ਹੈ। ਸਾਡੇ ਸਾਈਬਰ ਸੈਲ ਨੇ ਪੂਰੇ ਦੇਸ਼ ਵਿਚ ਸਾਈਬਰ ਕ੍ਰਇਮ ਰੋਕਨ ਵਿਚ ਸੱਭ ਤੋਂ ਬਿਹਤਰੀਨ ਕੰਮ ਕੀਤਾ ਹੈ। ਇਸ ਸੰਦਰਭ ਵਿਚ 1930 ਹੈਲਪਲਾਇਨ 'ਤੇ ਤੈਨਾਤ ਟੀਮ ਨੇ ਬਿਹਤਰੀਨ ਕੰਮ ਕੀਤਾ ਹੈ। ਇੰਨ੍ਹਾਂ ਸਾਰਿਆਂ ਦੇ ਯਤਨਾਂ ਨਾਲ ਹਰਿਆਣਾ ਸਾਈਬਰ ਕ੍ਰਾਇਮ ਦੇ ਅਪਰਾਧੀਆਂ ਨੂੰ ਫੜਨ ਲਈ ਦੇਸ਼ ਵਿਚ ਸੱਭ ਤੋਂ ਅਵੱਲ ਸਥਾਨ 'ਤੇ ਹੈ।

ਉਨ੍ਹਾਂ ਨੇ ਨਿਵੇ ਨਿਯੁਕਤ ਸਿਪਾਹੀਆਂ ਦਾ ਹੌਸਲਾ ਵਧਾਉਂਦੇ ਹੋਏ ਕਿਹਾ ਕਿ ਸਮਾਜ ਨੂੰ ਪੁਲਿਸ ਤੋਂ ਸੇਵਾ, ਸੁਰੱਖਿਆ ਤੇ ਸਹਿਯੋਗ ਦੀ ਉਮੀਦ ਰਹਿੰਦੀ ਹੈ। ਉਨ੍ਹਾਂ ਦੀ ਇੰਨ੍ਹਾਂ ਉਮੀਦਾਂ ਦੇ ਮਾਪਦੇਡਾਂ 'ਤੇ ਖਰਾ ਉਤਰਣ ਲਈ ਪੁਲਿਸ ਦਾ ਹਰ ਜਵਾਨ ਪੂਰੀ ਜਿਮ੍ਹੇਵਾਰੀ ਨਾਲ ਕੰਮ ਕਰ ਰਿਹਾ ਹੈ।

ਇਸ ਮੌਕੇ 'ਤੇ ਡੀਜੀਪੀ ਨੇ ਪਹਿਲਾ, ਦੂਜਾ ਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲੇ ਸਿਪਾਹੀਆਂ ਨੂੰ ਪੁਰਸਕਾਰ ਦਿੱਤੇ। ਕੰਨਵੋਕੇਸ਼ਨ ਪਰੇਡ ਸਮਾਰੋਹ ਵਿਚ ਐਕਸ ਸਰਵਿਸਮੈਨ ਕਾਡਰ ਦੇ 452 ਸਿਪਾਹੀਆਂ ਦੀ 8 ਟੁਕੜਆਂ ਨੇ ਮਾਰਚ ਪਾਸਟ ਕੀਤਾ।

ਇਸ ਮੌਕੇ 'ਤੇ ਰੋਹਤਕ ਡਿਵੀਜਨ ਤੇ ਸੁਨਾਰਿਆ ਸਥਿਤ ਪੁਲਿਸ ਪਰਿਸਰ ਦੇ ਵਧੀਕ ਪੁਲਿਸ ਮਹਾਨਿਦੇਸ਼ਕ ਕੇ ਕੇ ਰਾਓ, ਪੁਲਿਸ ਟ੍ਰੇਨਿੰਗ ਸੈਂਟਰ ਦੇ ਪੁਲਿਸ ਉੱਪ ਮਹਾਨਿਦੇਸ਼ਕ ਸ਼ਿਵ ਚਰਣ ਅੱਤਰੀ, ਰੋਹਤਕ ਦੇ ਪੁਲਿਸ ਸੁਪਰਡੈਂਟ ਹਿਮਾਂਸ਼ੂ ਗਰਗ, ਚਰਖੀ ਦਾਦਰੀ ਦੀ ਪੁਲਿਸ ਸੁਪਰਡੈਂਟ ਪੂਜਾ ਵਸ਼ਿਸ਼ਟ, ਵਧੀਕ ਪੁਲਿਸ ਸੁਪਰਡੈਂਟ ਲੋਗੇਸ਼ ਕੁਮਾਰ, ਸੁਨਾਰਿਆ ਸਥਿਤ ਪੁਲਿਸ ਟ੍ਰੇਨਿੰਗ ਸੈਂਟਰ ਦੇ ਪੁਲਿਸ ਸੁਪਰਡੈਂਟ ਧਿਆਨ ਚੰਦ, ਕਮਾਂਡੇਂਟ ਥਰਡ ਆਈਆਰਬੀ ਸੁਨਾਰਿਆ ਐਂਡ ਵੂਮੇਨ ਬਟਾਲਿਅਨ ਸੁਨਾਰਿਆ ਭਾਰਤੀ ਡਬਾਸ ਸਮੇਤ ਪੁਲਿਸ ਦੇ ਅਧਿਕਾਰੀ, ਕਰਮਚਾਰੀ ਤੇ ਨਵੇਂ ਨਿਯੁਕਤ ਸਿਪਾਹੀਆਂ ਦੇ ਪਰਿਵਾਰ ਵਾਲੇ ਮੌਜੂਦ ਰਹੇ।

ਲੁਟੇਰਿਆਂ ਦੀ ਗ੍ਰਿਫ਼ਤਾਰੀ ਨਾ ਹੋਣ ਤੋਂ ਖ਼ਫ਼ਾ ਦੁਕਾਨਦਾਰਾਂ ਵੱਲੋਂ ਪ੍ਰਦਰਸ਼ਨ

ਅੰਬਾਲਾ, 14 ਮਈ
-ਕੌਮੀ ਪੱਤ੍ਰਿਕਾ ਬਿਊਰੋ-

2 ਮਈ ਨੂੰ ਮਟੇੜੀ ਸ਼ੇਖਾਂ ਦੇ ਗਗਨ ਨਾਂ ਦੇ ਦੁਕਾਨਦਾਰ 'ਤੇ ਕੁਝ ਹਥਿਆਰਬੰਦ ਵਿਅਕਤੀਆਂ ਵੱਲੋਂ ਜਾਨਲੇਵਾ ਹਮਲਾ ਕਰ ਕੇ ਲੈਪਟਾਪ, ਢਾਈ ਲੱਖ ਰੁਪਏ ਅਤੇ ਹੋਰ ਸਾਮਾਨ ਲੁੱਟੇ ਜਾਣ ਦੇ ਮਾਮਲੇ ਵਿਚ ਪੁਲੀਸ ਵੱਲੋਂ ਇਕ ਹਫ਼ਤਾ ਬੀਤਣ ਦੇ ਬਾਵਜੂਦ ਕੋਈ ਕਾਰਵਾਈ ਨਾ ਹੋਣ ਤੋਂ ਖ਼ਫ਼ਾ ਦੁਕਾਨਦਾਰਾਂ ਨੇ ਅੱਜ ਸੜਕ ਕਿਨਾਰੇ ਦਰੀ ਵਿਛਾ ਕੇ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਦੀ ਮੰਗ ਕਰਦਿਆਂ ਪ੍ਰਦਰਸ਼ਨ ਕੀਤਾ। ਦੁਕਾਨਦਾਰਾਂ ਦਾ ਕਹਿਣਾ ਹੈ ਕਿ ਅੱਜ ਇਕ ਦੁਕਾਨਦਾਰ ਨਾਲ ਅਜਿਹੀ ਵਾਰਦਾਤ ਹੋਈ ਹੈ ਅਤੇ ਭਲਕੇ ਕਿਸੇ ਹੋਰ ਨਾਲ ਵੀ ਹੋ ਸਕਦੀ ਹੈ, ਇਸ ਲਈ ਜੇਕਰ ਅੱਜ ਉਨ੍ਹਾਂ ਨੇ ਆਵਾਜ਼ ਨਾ ਉਠਾਈ ਤਾਂ ਭਲਕੇ ਬਹੁਤ ਦੇਰ ਹੋ ਜਾਵੇਗੀ। ਇਸ ਵਾਰਦਾਤ ਨਾਲ ਦੁਕਾਨਦਾਰਾਂ ਦੇ ਮਨ ਵਿੱਚ ਡਰ ਬੈਠ ਗਿਆ ਹੈ।

ਦੁਕਾਨਦਾਰਾਂ ਨੇ ਪ੍ਰਸ਼ਾਸਨ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਉਨ੍ਹਾਂ ਕਿਹਾ ਕਿ ਅਜੇ ਤੱਕ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਨਾ ਹੋਣਾ ਪੁਲੀਸ ਦੀ ਕਾਰਜਗੁਜ਼ਾਰੀ 'ਤੇ ਸਵਾਲ ਖੜ੍ਹੇ ਕਰਦਾ ਹੈ। ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਨ ਸਬੰਧੀ ਪੁਲੀਸ ਦੇ ਦਾਅਵੇ ਖੋਖਲੇ ਹਨ। ਉਨ੍ਹਾਂ ਕਿਹਾ ਕਿ ਜਦੋਂ ਤੱਕ ਕੋਈ ਵੱਡਾ ਅਧਿਕਾਰੀ ਉਨ੍ਹਾਂ ਦੀ ਗੱਲ ਨਹੀਂ ਸੁਣਦਾ ਉਹ ਪ੍ਰਦਰਸ਼ਨ ਕਰਦੇ ਰਹਿਣਗੇ।

ਕਾਂਗਰਸ ਦੀ ਸਰਕਾਰ ਬਣਨ 'ਤੇ ਘੱਗਰ ਦੀ ਸਮੱਸਿਆ ਤੁਰੰਤ ਹੱਲ ਕੀਤੀ ਜਾਵੇਗੀ: ਸ਼ੈਲਜਾ

ਏਲਨਾਬਾਦ, 14 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਸਿਰਸਾ ਲੋਕ ਸਭਾ ਸੰਸਦੀ ਹਲਕੇ ਤੋਂ ਕਾਂਗਰਸ ਉਮੀਦਵਾਰ ਕੁਮਾਰੀ ਸ਼ੈਲਜਾ ਦਾ ਅੱਜ ਨਾਮਧਾਰੀ ਪਟਰੋਲ ਪੰਪ ਸ੍ਰੀ ਜੀਵਨ ਨਗਰ ਪਹੁੰਚਣ 'ਤੇ ਨੰਬਰਦਾਰ ਗੁਰਦੇਵ ਸਿੰਘ ਅਤੇ ਰਾਜਿੰਦਰ ਸਿੰਘ ਸੰਧੂ ਵੱਲੋਂ ਸ਼ਾਨਦਾਰ ਸਵਾਗਤ ਕੀਤਾ ਗਿਆ। ਇਸ ਦੌਰਾਨ ਜਨ ਸਭਾ ਨੂੰ ਸੰਬੋਧਨ ਕਰਦਿਆਂ ਕੁਮਾਰੀ ਸ਼ੈਲਜਾ ਨੇ ਕਿਹਾ ਕਿ ਉਹ ਇਸ ਇਲਾਕੇ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਨ ਲਈ ਹਮੇਸ਼ਾ ਅੱਗੇ ਰਹੇ ਹਨ ਅਤੇ ਭਵਿੱਖ ਵਿੱਚ ਵੀ ਇਸ ਖੇਤਰ ਨੂੰ ਵਿਕਾਸ ਪੱਖੋਂ ਕੋਈ ਪ੍ਰੇਸ਼ਾਨੀ ਨਹੀ ਆਉਣ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਕਾਂਗਰਸ ਦੀ ਸਰਕਾਰ ਬਣਨ 'ਤੇ ਘੱਗਰ ਦੀ ਸਮੱਸਿਆ ਨੂੰ ਤੁਰੰਤ ਹੱਲ ਕੀਤਾ ਜਾਵੇਗਾ। ਇਸ ਮੌਕੇ ਕਾਂਗਰਸ ਪਾਰਟੀ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਮਲਕੀਤ ਸਿੰਘ ਖੋਸਾ, ਗੁਰਦੇਵ ਸਿੰਘ ਨੰਬਰਦਾਰ, ਰਾਜਿੰਦਰ ਸਿੰਘ ਸੰਧੂ, ਡਾਕਟਰ ਕੇਵੀ ਸਿੰਘ, ਸ਼ੀਸਪਾਲ ਕੇਹਰਵਾਲਾ, ਵਿਨੀਤ ਕੰਬੋਜ, ਬਲਵਿੰਦਰ ਨਹਿਰਾ, ਗੁਰਮੀਤ ਸਿੰਘ ਵੜੈਚ, ਗੁਰਚਰਨ ਸਿੰਘ, ਦੀਦਾਰ ਸਿੰਘ, ਬਲਵਿੰਦਰ ਸਿੰਘ, ਧਿਆਨ ਸਿੰਘ ਮੌਜੂਦ ਸਨ।

ਰਾਜਨੀਤਿਕ ਪਾਰਟੀ ਤੇ ਉਮੀਦਵਾਰ ਡੂਜ਼ ਐਂਡ ਡੋਂਟਸ ਦਾ ਸਖਤੀ ਨਾਲ ਕਰਨ ਪਾਲਣ - ਮੁੱਖ ਚੋਣ ਅਧਿਕਾਰੀ

ਚੰਡੀਗੜ੍ਹ, 14 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਭਾਰਤ ਚੋਣ ਕਮਿਸ਼ਨ ਨੇ ਲੋਕਸਭਾ ਅਮ ਚੋਣ-2024 ਲੜਨ ਵਾਲੇ ਉਮੀਦਵਾਰਾਂ ਤੇ ਰਾਜਨੀਤਿਕ ਪਾਰਟੀਆਂ ਦੇ ਲਈ ਚੋਣ ਦੌਰਾਨ ਕੀ ਕਰਨਾ ਹੈ ਅਤੇ ਕੀ ਨਹੀਂ (ਡੂਜ ਐਂਡ ਡੋਂਟਸ) ਦੇ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ। ਇੰਨ੍ਹਾਂ ਦਿਸ਼ਾ-ਨਿਰਦੇਸ਼ਾਂ ਦਾ ਚੋਣ ਦੀ ਪ੍ਰਕ੍ਰਿਆ ਪੂਰੀ ਹੋਣ ਤਕ ਉਮੀਦਵਾਰਾਂ ਅਤੇ ਰਾਜਨੀਤਿਕ ਪਾਰਟੀਆਂ ਨੂੰ ਪਾਲਣ ਕੀਤਾ ਜਾਣਾ ਜਰੂਰੀ ਹੈ।

ਹਰਿਆਣਾ ਦੇ ਮੁੱਖ ਚੋਣ ਅਧਿਕਾਰੀ ਸ੍ਰੀ ਅਨੁਰਾਗ ਅਗਰਵਾਲ ਨੇ ਇਸ ਸਬੰਧ ਵਿਚ ਜਾਣਕਾਰੀ ਦਿੰਦੇ ਹੋਏ ਦਸਿਆ ਕਿ ਸਾਰੀ ਪਾਰਟੀਟਾਂ ਅਤੇ ਚੋਣ ਲੜਨ ਵਾਲੇ ਉਮੀਦਵਾਰਾਂ ਨੂੰ ਪਬਲਿਕ ਸਥਾਨਾਂ ਜਿਵੇਂ ਕਿ ਮੈਦਾਨ ਅਤੇ ਹੈਲੀਪੈਡ ਨਿਰਪੱਖ ਰੂਪ ਨਾਲ ਉਪਲਬਧ ਹੋਣਾ ਚਾਹੀਦਾ ਹੈ। ਚੋਣ ਦੌਰਾਨ ਹੋਰ ਰਾਜਨੀਤਿਕ ਪਾਰਟੀ ਅਤੇ ਉਮੀਦਵਾਰਾਂ ਦੀ ਆਲੋਚਨਾ ਸਿਰਫ ਉਨ੍ਹਾਂ ਦੀ ਨੀਤੀਆਂ, ਪ੍ਰੋਗ੍ਰਾਮਾਂ, ਪਿਛਲੇ ਰਿਕਾਰਡ ਅਤੇ ਕੰਮਾਂ ਤਕ ਹੀ ਸੀਮਤ ਰਹਿਣੀ ਚਾਹੀਦੀ ਹੈ। ਇਸ ਤੋਂ ਇਲਾਵਾ, ਸ਼ਾਂਤੀਪੂਰਨ ਅਤੇ ਅਵਿਵੇਕਪੂਰਨ ਘਰੇਲੂ ਜੀਵਨ ਲਈ ਹਰੇਕ ਵਿਅਕਤੀ ਦੇ ਅਧਿਕਾਰ ਦੀ ਪੂਰੀ ਤਰ੍ਹਾ ਰੱਖਿਆ ਕੀਤੀ ਜਾਣੀ ਚਾਹੀਦੀ ਹੈ। ਸਥਾਨਕ ਪੁਲਿਸ ਅਧਿਕਾਰੀਆਂ ਨੂੰ ਪੂਰੀ ਤਰ੍ਹਾ ਨਾਲ ਸੂਚਿਤ ਕੀਤਾ ਜਾਣਾ ਚਾਹੀਦਾ ਹੈ ਅਤੇ ਪ੍ਰਸਤਾਵਿਤ ਮੀਟਿੰਗ ਦੇ ਸਮੇਂ ਤੇ ਸਥਾਨ ਦੀ ਜਰੂਰੀ ਮੰਜੂਰੀ ਸਮੇਂ ਰਹਿੰਦੇ ਸਹੀਂ ਢੰਗ ਨਾਲ ਲਈ ਜਾਣੀ ਚਾਹੀਦੀ ਹੈ।

ਸ੍ਰੀ ਅਨੁਰਾਗ ਅਗਰਵਾਲ ਨੇ ਦਸਿਆ ਕਿ ਪ੍ਰਸਤਾਵਿਤ ਮੀਟਿੰਗ ਦੇ ਸਥਾਨ 'ਤੇ ਜੇਕਰ ਕਈ ਪ੍ਰਤੀਬੰਧਾਤਮਕ ਜਾਂ ਨਿਸ਼ੇਧਾਤਮਕ ਆਦੇਸ਼ ਲਾਗੂ ਹਨ ਤਾਂ ਉਨ੍ਹਾਂ ਆਦੇਸ਼ਾਂ ਦਾ ਸਨਮਾਨ ਕੀਤਾ ਜਾਣਾ ਚਾਹੀਦਾ ਹੈ। ਇਸੀ ਤਰ੍ਹਾ ਪ੍ਰਸਤਾਵਿਤ ਮੀਟਿੰਗਾਂ ਲਈ ਲਾਊਡਸਪੀਕਰ ਜਾਂ ਅਜਿਹੀ ਕਿਸੇ ਹੋਰ ਸਹੂਲਤ ਦੀ ਵਰਤੋਂ ਲਈ ਮੰਜੂਰੀ ਪ੍ਰਾਪਤ ਕੀਤੀ ਜਾਣੀ ਚਾਹੀਦੀ ਹੈ ਅਤੇ ਮੀਟਿੰਗਾਂ ਵਿਚ ਗੜਬੜੀ ਜਾਂ ਅਵਿਵਸਥਾ ਪੈਦਾ ਕਰਨ ਵਾਲੇ ਵਿਅਕਤੀਆਂ ਨਾਲ ਨਜਿਠਣ ਵਿਚ ਪੁਲਿਸ ਸਹਾਇਤਾ ਪ੍ਰਾਪਤ ਕੀਤੀ ਜਾਣੀ ਚਾਹੀਦੀ ਹੈ।

ਉਨ੍ਹਾਂ ਨੇ ਦਸਿਆ ਕਿ ਕਿਸੇਵੀ ਜਲੂਸ ਨੂੰ ਸ਼ੁਰੂ ਕਰਨ ਅਤੇ ਖਤਮ ਕਰਨ ਲਦੇ ਸਮੇਂ ਤੇ ਸਥਾਨ ਅਤੇ ਮੰਗ ਨੂੰ ਅਗਰਿਮ ਰੂਪ ਨਾਲ ਫਾਈਨਲ ਕੀਤਾ ਜਾਣਾ ਚਾਹੀਦੀ ਹੈ ਅਤੇ ਪੁਲਿਸ ਅਧਿਕਾਰੀਆਂ ਤੋਂ ਪਹਿਲਾਂ ਮੰਜੂਰੀ ਪ੍ਰਾਪਤ ਕਰਨੀ ਚਾਹੀਦੀ ਹੈ। ਜਲੂਸ ਦਾ ਮਾਰਗ ਆਵਾਜਾਈ ਨੂੰ ਰੁਕਾਵਟ ਨਹੀਂ ਕਰਨਾ ਚਾਹੀਦਾ ਹੈ।

ਮੁੱਖ ਚੋਣ ਅਧਿਕਾਰੀ ਨੇ ਦਸਿਆ ਕਿ ਸ਼ਾਂਤੀਪੂਰਨ ਅਤੇ ਵਿਵਸਥਿਤ ਚੋਣ ਯਕੀਨੀ ਕਰਨ ਲਈ ਸਾਰੇ ਚੋਣ ਅਧਿਕਾਰੀਆਂ ਨੂੰ ਸਹਿਯੋਗ ਕੀਤਾ ਜਾਣਾ ਚਾਹੀਦਾ ਹੈ। ਨਾਲ ਹੀ ਚੋਣ ਵਿਚ ਲੱਗੇ ਸਾਰੇ ਰਾਜਨੀਤਿਕ ਕਾਰਜਕਰਤਾਵਾਂ ਨੂੰ ਬੈਜ ਜਾਂ ਪਹਿਚਾਨ ਪੱਤਰ ਦਿਖਾਉਣਾ ਹੋਵੇਗਾ। ਵੋਟਰਾਂ ਨੂੰ ਜਾਰੀ ਗੈਰ-ਰਸਮੀ ਪਹਿਚਾਣ ਪਰਚੀ ਸਾਦੇ (ਚਿੱਟੇ) ਕਾਗਜ 'ਤੇ ਹੋਣੀ ਚਾਹੀਦੀ ਹੈ ਅਤੇ ਜਿਸ 'ਤੇ ਪਾਰਟੀ ਦਾ ਕੋਈ ਨਾਂਅ ਅਤੇ ਨਿਸ਼ਾਨ ਜਾਂ ਉਮੀਦਵਾਰ ਦਾ ਨਾਂਅ ਨਹੀ ਹੋਣਾ ਚਾਹੀਦਾ ਹੈ। ਇਸ ਤੋਂ ਇਲਾਵਾ, ਪ੍ਰਚਾਰ ਮੁਹਿੰਮ ਦੀ ਸਮੇਂ ਦੌਰਾਨ ਅਤੇ ਚੋਣ ਦੇ ਦਿਨ ਵਾਹਨਾਂ ਦੀ ਆਵਾਜਾਈ 'ਤੇ ਪਾਬੰਦੀ ਦਾ ਪੂਰੀ ਤਰ੍ਹਾ ਨਾਲ ਪਾਲਣ ਕੀਤਾ ਜਾਣਾ ਚਾਹੀਦਾ ਹੈ। ਚੋਣ ਦੇ ਸੰਚਾਲਨ ਦੇ ਸਬੰਧ ਵਿਚ ਕਿਸੇ ਵੀ ਤਰ੍ਹਾ ਦੀ ਸ਼ਿਕਾਇਤ ਜਾਂ ਸਮਸਿਆ ਨੂੰ ਚੋਣ ਕਮਿਸ਼ਨ ਦੇ ਓਬਜਰਵਰ, ਰਿਟਰਨਿੰਗ ਅਧਿਕਾਰੀ, ਜੋਨਲ/ਸੈਕਟਰ ਮੈਜੀਸਟ੍ਰੇਟ, ਮੁੱਖ ਚੋਣ ਅਧਿਕਾਰੀ ਜਾਂ ਭਾਰਤ ਚੋਣ ਕਮਿਸ਼ਨ ਦੀ ਜਾਣਕਾਰੀ ਵਿਚ ਲਿਆਇਆ ਜਾਣਾ ਚਾਹੀਦਾ ਹੈ।

ਹਰਿਆਣਾ: ਜੇਜੇਪੀ ਆਗੂ ਨੈਨਾ ਚੌਟਾਲਾ ਦੇ ਕਾਫਲੇ 'ਤੇ ਪਥਰਾਅ, ਛੇ ਜ਼ਖ਼ਮੀ

ਚੰਡੀਗੜ੍ਹ, 14 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਜਨ ਨਾਇਕ ਜਨਤਾ ਪਾਰਟੀ ਦੀ ਮੌਜੂਦਾ ਵਿਧਾਇਕ ਅਤੇ ਪਾਰਟੀ ਦੀ ਹਿਸਾਰ ਤੋਂ ਲੋਕ ਸਭਾ ਉਮੀਦਵਾਰ ਨੈਨਾ ਚੌਟਾਲਾ ਦੇ ਕਾਫ਼ਲੇ 'ਤੇ ਜੀਂਦ ਜ਼ਿਲ੍ਹੇ ਦੇ ਪਿੰਡ ਰੋਜ ਖੇੜਾ ਵਿਖੇ ਕਥਿਤ ਤੌਰ 'ਤੇ ਕੁਝ ਵਿਅਕਤੀਆਂ ਵੱਲੋਂ ਹਮਲਾ ਕੀਤਾ ਗਿਆ ਜਿਸ ਕਾਰਨ ਛੇ ਜਣੇ ਜ਼ਖ਼ਮੀ ਹੋ ਗਏ। ਇੱਕ ਵੀਡੀਓ ਸੰਦੇਸ਼ ਵਿੱਚ ਜਨਨਾਇਕ ਜਨਤਾ ਪਾਰਟੀ ਦੇ ਆਗੂ ਦਿਗਵਿਜੇ ਚੌਟਾਲਾ ਨੇ ਦਾਅਵਾ ਕੀਤਾ ਕਿ ਗੁੰਡਿਆਂ ਦੀ ਪਛਾਣ ਕਾਂਗਰਸੀ ਵਰਕਰਾਂ ਵਜੋਂ ਹੋਈ ਹੈ। ਕਾਫਲਾ ਜੀਂਦ ਦੇ ਉਚਾਨਾ ਵੱਲ ਜਾ ਰਿਹਾ ਸੀ ਜਦੋਂ ਇਹ ਘਟਨਾ ਵਾਪਰੀ। ਜਦਕਿ ਨੈਨਾ ਚੌਟਾਲਾ ਦਾ ਇਸ ਘਟਨਾ ਬਚਾਅ ਹੋ ਗਿਆ। ਇਸ ਸਬੰਧੀ ਜੀਂਦ ਦੇ ਪੁਲੀਸ ਅਧਿਕਾਰੀ ਨੇ ਕਿਹਾ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਦਿਗਵਿਜੇ ਨੇ ਕਿਹਾ, "ਮੈਨੂੰ ਖਬਰ ਮਿਲੀ ਹੈ ਕਿ ਮੇਰੀ ਮਾਂ ਅਤੇ ਜੇਜੇਪੀ ਨੇਤਾ ਨੈਨਾ ਚੌਟਾਲਾ ਦੇ ਕਾਫਲੇ 'ਤੇ ਕੁਝ ਗੁੰਡਾ ਅਨਸਰਾਂ ਨੇ ਹਮਲਾ ਕੀਤਾ, ਇਸ ਦੌਰਾਨ ਉਨ੍ਹਾਂ 'ਤੇ ਪੱਥਰਾਅ ਕੀਤਾ ਗਿਆ, ਜਿਸ ਨਾਲ ਸਾਡੇ

ਯਰਤੁ ਸੁਹਾਵੀ ਤਾਲ ਸੁਹਾਵਾ

ਫ਼ਸਲ ਉਤਪਾਦਨ ਦੇ ਤਰੀਕਿਆਂ, ਵਾਢੀ ਦੇ ਸਮੇਂ, ਫ਼ਸਲੀ ਰਹਿੰਦ-ਖੂੰਹਦ ਦੇ ਨਿਪਟਾਰੇ, ਨਦੀਨਾਂ ਦੇ ਖ਼ਾਤਮੇ ਅਤੇ ਅਜਿਹੇ ਹੋਰਨ ਰਵਾਇਤੀ ਤਰੀਕਿਆਂ ਨੂੰ ਅਪਣਾ ਕੇ ਫ਼ਸਲਾਂ ਦਾ ਨੁਕਸਾਨ ਕਰਨ ਵਾਲੇ ਕੀੜਿਆਂ ਉੱਪਰ ਬਿਨਾਂ ਜ਼ਹਿਰਾਂ ਦੇ ਕਾਬੂ ਪਾਇਆ ਜਾ ਸਕਦਾ ਹੈ...

• ਗੁਰਮੀਤ ਸਿੰਘ, ਮਨੋਜ ਸ਼ਰਮਾ
98148-25584

ਕਲਚਰਲ ਰੋਕਥਾਮ ਜਾਂ ਫ਼ਸਲ ਉਤਪਾਦਨ ਦੇ ਤਰੀਕਿਆਂ ਦੁਆਰਾ ਕੀੜਿਆਂ ਦੀ ਰੋਕਥਾਮ ਤੋਂ ਮਤਲਬ ਹੈ ਕਿ ਉਨ੍ਹਾਂ ਫ਼ਸਲ ਉਤਪਾਦਨ ਦੇ ਤਰੀਕਿਆਂ ਤੋਂ ਹੈ ਜਿਸ ਨਾਲ ਕੀੜੇ ਮਕੌੜਿਆਂ ਤੋਂ ਹੋਣ ਵਾਲੇ ਨੁਕਸਾਨ ਨੂੰ ਖ਼ਤਮ ਕੀਤਾ ਜਾ ਸਕੇ ਜਾਂ ਘਟਾਇਆ ਜਾ ਸਕੇ। ਇਨ੍ਹਾਂ ਤਰੀਕਿਆਂ ਵਿਚ ਫ਼ਸਲ ਦੇ ਬਿਜਾਈ ਸਮੇਂ ਵਿਚ ਤਬਦੀਲੀ (ਅਗੇਤੀ ਜਾਂ ਪਛੇਤੀ), ਵਾਢੀ ਦੇ ਸਮੇਂ ਵਿਚ ਤਬਦੀਲੀ, ਫ਼ਸਲੀ ਚੱਕਰ, ਨਦੀਨਾਂ ਦੀ ਰੋਕਥਾਮ ਜਾਂ ਫ਼ਸਲ ਕੱਟਣ ਉਪਰਾਂਤ ਰਹਿੰਦ-ਖੂੰਹਦ ਦਾ ਉਪਾਅ ਆਦਿ ਸ਼ਾਮਲ ਹਨ। ਵਧੀਆ ਬੀਜ ਅਤੇ ਬਿਮਾਰੀਆਂ/ਕੀੜਿਆਂ ਦਾ ਟਾਕਰਾ ਕਰਨ ਵਾਲੀਆਂ ਕਿਸਮਾਂ ਦੀ ਬਿਜਾਈ ਕਰਨੀ ਬਹੁਤ ਮਹੱਤਵਪੂਰਨ ਹੈ।

ਕੀੜਿਆਂ ਦਾ ਟਾਕਰਾ ਕਰਨ ਵਾਲੀਆਂ ਕਿਸਮਾਂ

ਜਿੱਥੇ ਤਕ ਹੋ ਸਕੇ ਬਿਮਾਰੀਆਂ ਤੇ ਕੀੜਿਆਂ ਦਾ ਟਾਕਰਾ ਕਰਨ ਵਾਲੀਆਂ ਕਿਸਮਾਂ ਦੀ ਹੀ ਬਿਜਾਈ ਕਰਨੀ ਚਾਹੀਦੀ ਹੈ। ਕੁਝ ਕਿਸਮਾਂ ਕੁਦਰਤੀ ਤੌਰ 'ਤੇ ਬਿਮਾਰੀਆਂ ਤੇ ਕੀੜਿਆਂ ਦਾ ਟਾਕਰਾ ਕਰਨ ਦੇ ਸਮਰੱਥ ਹੁੰਦੀਆਂ ਹਨ ਜਾਂ ਉਨ੍ਹਾਂ ਵਿਚ ਦੂਸਰੀਆਂ ਕਿਸਮਾਂ ਦੇ ਮੁਕਾਬਲੇ ਕੀੜਿਆਂ ਜਾਂ ਬਿਮਾਰੀਆਂ ਦੁਆਰਾ ਨੁਕਸਾਨ ਘੱਟ ਹੁੰਦਾ ਹੈ। ਉਦਾਹਰਣ ਵਜੋਂ ਸੇਬ ਦੀਆਂ ਜੰਗਲੀ ਕਿਸਮਾਂ ਕਾਸ਼ਤਕਾਰੀ ਕਿਸਮਾਂ ਦੇ ਮੁਕਾਬਲੇ ਚੇਪੇ ਦੇ ਹਮਲੇ ਪ੍ਰਤੀ ਜ਼ਿਆਦਾ ਪ੍ਰਤੀਰੋਧਕ ਹਨ।ਇਸ ਲਈ ਜੰਗਲੀ ਤੇ ਕਾਸ਼ਤਕਾਰੀ ਕਿਸਮਾਂ ਦੇ ਸੁਮੇਲ ਨਾਲ ਅਜਿਹੀ ਕਿਸਮ ਵਿਕਸਿਤ ਕੀਤੀ ਜਾ ਸਕਦੀ ਹੈ ਜੋ ਚੰਗਾ ਝਾੜ ਦੇਣ ਦੇ ਨਾਲ-ਨਾਲ ਕੀੜਿਆਂ ਤੇ ਬਿਮਾਰੀਆਂ ਪ੍ਰਤੀ ਪ੍ਰਤੀਰੋਧਕ ਹੋਵੇ। ਇਸੇ ਤਰ੍ਹਾਂ ਦੇਸੀ ਨਰਮਾ, ਅਮਰੀਕਨ ਨਰਮੇ ਦੇ ਮੁਕਾਬਲੇ ਜੈਸਿਡ, ਚਿੱਟੀ ਮੱਖੀ ਤੇ ਗੁਲਾਬੀ ਸੁੰਡੀ ਪ੍ਰਤੀ ਪ੍ਰਤੀਰੋਧਕ ਹੈ। ਭਾਰਤੀ ਤੇ ਅਮਰੀਕਨ ਕਿਸਮਾਂ ਦੇ ਸੁਮੇਲ ਨਾਲ ਅਜਿਹੀ ਕਿਸਮ ਪੈਦਾ ਕੀਤੀ ਜਾ ਸਕਦੀ ਹੈ ਜੋ ਇਨ੍ਹਾਂ ਕੀੜਿਆਂ ਪ੍ਰਤੀ ਸੰਵੇਦਨਸ਼ੀਲ ਨਾ ਹੋਵੇ। ਕੁਝ ਕਿਸਮਾਂ ਕੀੜਿਆਂ ਦੁਆਰਾ ਕੀਤੇ ਨੁਕਸਾਨ ਦੀ ਭਰਪਾਈ ਨੁਕਸਾਨੇ ਗਏ ਹਿੱਸੇ ਨੂੰ ਦੁਬਾਰਾ ਪੈਦਾ ਕਰ ਕੇ ਕਰ ਲੈਂਦੀਆਂ ਹਨ।

ਖੇਤ ਨੂੰ ਵਾਹੁਣਾ

ਖੇਤ ਨੂੰ ਵਾਹੁਣ ਨਾਲ ਕੀੜਿਆਂ ਦੀਆਂ ਜ਼ਮੀਨ 'ਚ ਰਹਿਣ ਵਾਲੀਆਂ ਅਵਸਥਾਵਾਂ (ਆਂਡੇ, ਲਾਰਵਾ ਤੇ ਪਿਊਪਾ) ਮਰ ਜਾਂਦੀਆਂ ਹਨ। ਇਸ ਨਾਲ ਨਦੀਨ ਵੀ ਮਰ ਜਾਂਦੇ ਹਨ, ਜਿਨ੍ਹਾਂ ਉੱਪਰ ਕੀੜੇ ਪਲਦੇ ਹਨ। ਖੇਤ ਵਾਹੁਣ ਨਾਲ ਕੀੜਿਆਂ ਦੀਆਂ ਜ਼ਮੀਨ 'ਚ ਰਹਿਣ ਵਾਲੀਆਂ ਅਵਸਥਾਵਾਂ ਜਾਂ ਤਾਂ ਜ਼ਮੀਨ ਦੇ ਉੱਪਰ ਆ ਜਾਂਦੀਆਂ ਹਨ, ਜਿੱਥੇ ਮਿੱਤਰ ਕੀੜੇ ਜਾਂ ਪੰਛੀ ਉਨ੍ਹਾਂ ਨੂੰ ਆਪਣਾ ਭੋਜਨ ਬਣਾ ਲੈਂਦੇ ਹਨ (ਗਰਾਸ ਹੋਪਰ ਤੇ ਖੇਤ ਦੀ ਟਿੱਡੀ ਜ਼ਮੀਨ ਦੀ 7-10 ਸੈਂਟੀਮੀਟਰ ਉੱਪਰਲੀ ਤਹਿ 'ਚ ਆਂਡੇ ਦਿੰਦੇ ਹਨ) ਅਤੇ ਜਾਂ ਇਹ ਇੰਨਾ ਡੂੰਘਾ ਚਲੇ ਜਾਂਦੇ ਹਨ ਕਿ ਬਾਲਗ ਜ਼ਮੀਨ ਵਿੱਚੋਂ ਬਾਹਰ ਆਉਣ ਦੇ ਅਸਮਰੱਥ ਹ�ो ਜਾਂਦਾ ਹੈ। ਖੇਤ ਵਾਹੁਣ ਨਾਲ ਜ਼ਮੀਨ ਦੇ ਉੱਪਰ ਆਈਆਂ ਅਵਸਥਾਵਾਂ ਜੂਨ-ਜੁਲਾਈ ਦੇ ਮਹੀਨੇ ਗਰਮੀ ਕਾਰਨ ਖ਼ਤਮ ਹੋ ਜਾਂਦੀਆਂ ਹਨ। ਖੇਤ ਨੂੰ ਵਾਹੁੰਦੇ ਸਮੇਂ ਹਲ਼ ਦੇ ਪਿਛੇ ਕਾਂ, ਮੈਨਾ, ਕੋਇਆ ਆਦਿ ਪੰਛੀ ਕੀੜਿਆਂ ਨੂੰ ਖਾ ਕੇ ਕਾਫ਼ੀ ਹੱਦ ਤਕ ਖ਼ਤਮ ਕਰ ਦਿੰਦੇ ਹਨ।

ਫ਼ਸਲੀ ਚੱਕਰ

ਫ਼ਸਲੀ ਚੱਕਰ ਉਨ੍ਹਾਂ ਕੀੜਿਆਂ ਦੇ ਕੀਟ-ਪ੍ਰਬੰਧ 'ਚ ਮਹੱਤਵਪੂਰਨ ਭੂਮਿਕਾ ਅਦਾ ਕਰਦਾ ਹੈ ਜਿਹੜੇ ਕੀੜੇ ਇਕ ਜਾਂ ਦੋ ਫ਼ਸਲਾਂ ਨੂੰ ਹੀ ਆਪਣੀ ਖ਼ੁਰਾਕ ਬਣਾਉਂਦੇ ਹਨ ਜਾਂ ਜਿਹੜੇ ਕੀੜੇ ਜ਼ਿਆਦਾ ਦੂਰੀ ਤੈਅ ਕਰਨ ਦੇ ਅਸਮਰੱਥ ਹੁੰਦੇ ਹਨ। ਜੇ ਇਕ ਹੀ ਫ਼ਸਲ ਸਾਲ ਵਿਚ 2 ਜਾਂ ਇਸ ਤੋਂ ਵੱਧ ਵਾਰ ਇਕ ਹੀ ਖੇਤ 'ਚ ਉਗਾਈ ਜਾਵੇ ਤਾਂ ਉਸ ਖੇਤ 'ਚ ਕੀੜਿਆਂ ਦੀ ਗਿਣਤੀ ਭੋਜਨ ਦੀ ਬਹੁਤਾਤ ਕਾਰਨ ਬਹੁਤ ਵੱਧ ਜਾਵੇਗੀ। ਇਸ ਦੇ ਉਲਟ ਜੇ ਫ਼ਸਲੀ ਚੱਕਰ ਅਪਣਾਇਆ ਜਾਵੇ ਤੇ ਫ਼ਸਲੀ ਚੱਕਰ ਦੌਰਾਨ ਸਾਲ 'ਚ 2-3 ਵੱਖੋ-ਵੱਖਰੀਆਂ ਫ਼ਸਲਾਂ ਲਈਆਂ ਜਾਣ ਤਾਂ ਕੀੜਿਆਂ ਦੀ ਗਿਣਤੀ ਜ਼ਿਆਦਾ ਨਹੀ ਵਧੇਗੀ।

ਟਰੈਪ ਫ਼ਸਲਾਂ

ਟਰੈਪ ਫ਼ਸਲਾਂ ਉਹ ਫ਼ਸਲਾਂ ਹਨ, ਜੋ ਮੁੱਖ ਫ਼ਸਲ ਤੋਂ ਥੋੜ੍ਹਾ ਸਮਾਂ ਪਹਿਲਾਂ ਬੀਜੀਆਂ ਜਾਂਦੀਆਂ ਹਨ ਤਾਂ ਕਿ ਕੀੜਿਆਂ ਨੂੰ ਇਸ ਫ਼ਸਲ ਵੱਲ ਆਕਰਸ਼ਿਤ ਕਰ ਕੇ ਮੁੱਖ ਫ਼ਸਲ ਨੂੰ ਕੀੜਿਆਂ ਦੇ ਹਮਲੇ ਤੋਂ ਬਚਾਇਆ ਜਾ ਸਕੇ। ਟਰੈਪ ਫ਼ਸਲ ਮੁੱਖ ਫ਼ਸਲ ਦੇ ਬਾਰਡਰ 'ਤੇ ਬੀਜੀ ਜਾਂਦੀ ਹੈ ਅਤੇ ਕੀੜੇ ਦੇ ਜੀਵਨ ਚੱਕਰ ਦੇ ਪੂਰੇ ਹੋਣ ਤੋਂ ਪਹਿਲਾਂ ਇਸ ਨੂੰ ਵੱਢ ਲਿਆ ਜਾਂਦਾ ਹੈ ਤੇ ਆਮ ਤੌਰ 'ਤੇ ਚਾਰੇ ਦੇ ਤੌਰ 'ਤੇ ਵਰਤ ਲਈ ਜਾਂਦੀ ਹੈ। ਕੀੜੇ ਦਾ ਜੀਵਨ ਚੱਕਰ ਪੂਰਾ ਹੋਣ ਤੋਂ ਪਹਿਲਾਂ ਟਰੈਪ ਫ਼ਸਲ ਨੂੰ ਕੱਟਣਾ ਬਹੁਤ ਜ਼ਰੂਰੀ ਹੈ ਨਹੀ ਤਾਂ ਕੀੜੇ ਟਰੈਪ ਫ਼ਸਲ ਤੋਂ ਮੁੱਖ ਫ਼ਸਲ 'ਤੇ ਚਲੇ ਜਾਣ ਕਾਰਨ ਮੁੱਖ ਫ਼ਸਲ ਦਾ ਬਹੁਤ ਜ਼ਿਆਦਾ ਨੁਕਸਾਨ ਕਰ ਸਕਦੇ ਹਨ। ਟਰੈਪ ਫ਼ਸਲ ਉਹ ਹੋਣੀ ਚਾਹੀਦੀ ਹੈ, ਜੋ ਕਿਸੇ ਖ਼ਾਸ ਕੀੜੇ ਨੂੰ ਆਕਰਸ਼ਿਤ ਕਰਨ ਦੇ ਸਮਰੱਥ ਹੋਵੇ, ਜਿਵੇਂ ਕਿ ਤਿੰਡੀ ਨੂੰ ਨਰਮੇਂ ਦੇ ਨੇੜੇ ਬੀਜਿਆ ਜਾਂਦਾ ਹੈ ਤਾਂ ਕਿ ਚਿਤਕਬਰੀ ਸੁੰਡੀ (Spotted bollworm) ਦੇ ਹਮਲੇ ਤੋਂ ਨਰਮੇਂ ਨੂੰ ਬਚਾਇਆ ਜਾ ਸਕੇ। ਨਰਮੇਂ ਦੀ ਗਰੇਅ ਵੀਵਲ (ਸੁੰਡ ਵਾਲੀ ਸੁਸਰੀ) ਅਰਹਰ ਦੀ ਫ਼ਸਲ ਵੱਲ ਵਧੇਰੇ ਆਕਰਸ਼ਿਤ ਹੁੰਦੀ ਹੈ, ਜਿਸ ਨੂੰ ਕਿ ਟਰੈਪ ਫ਼ਸਲ ਦੇ ਤੌਰ 'ਤੇ ਵਰਤਿਆ ਜਾ ਸਕਦਾ ਹੈ।

ਬੂਟੇ ਤੋਂ ਬੂਟੇ ਦਾ ਫ਼ਾਸਲਾ

ਵੇਖਣ 'ਚ ਆਇਆ ਹੈ ਕਿ ਝੋਨੇ ਵਿਚ ਪ੍ਰਤੀ ਵਰਗ ਮੀਟਰ ਸਿਫ਼ਾਰਸ਼ ਤੋਂ ਵੱਧ ਬੂਟੇ ਬੀਜਣ ਨਾਲ ਭੂਰੀ ਪਿ੠ ਵਾਲੇ ਟਿੱਡੇ ਦਾ ਹਮਲਾ ਜ਼ਿਆਦਾ ਹੁੰਦਾ ਹੈ, ਇਸੇ ਤਰ੍ਹਾਂ ਛੋਲਿਆਂ ਵਿਚ ਅਮਰੀਕਨ ਸੁੰਡੀ ਅਤੇ ਨਰਮੇਂ ਵਿਚ ਜੈਸਿਡ ਸੰਘਣੀ ਬਿਜਾਈ ਵਾਲੇ ਖੇਤਾਂ 'ਚ ਜ਼ਿਆਦਾ ਨੁਕਸਾਨ ਕਰਦੇ ਹਨ।

ਰਲਵੀਂ ਫ਼ਸਲ ਦੀ ਬਿਜਾਈ

ਕਣਕ ਅਤੇ ਛੋਲਿਆਂ ਨੂੰ ਰਲਾ ਕੇ ਬੀਜਣ ਨਾਲ ਛੋਲਿਆਂ 'ਤੇ ਅਮਰੀਕਨ ਸੁੰਡੀ ਦਾ ਹਮਲਾ ਘੱਟ ਹੁੰਦਾ ਹੈ।

ਰਵਾਇਤੀ ਢੰਗਾਂ ਨਾਲ ਕੀੜਿਆਂ ਦੀ ਰੋਕਥਾਮ

ਸਾਫ਼-ਸੁਥਰਾ ਖੇਤ ਤੇ ਆਲਾ ਦੁਆਲਾ

ਸਾਫ਼-ਸੁਥਰੇ ਖੇਤ ਤੇ ਆਲੇ ਦੁਆਲੇ ਤੋਂ ਭਾਵ ਹੈ ਕਿ ਖੇਤ ਦਾ ਨਦੀਨ ਰਹਿਤ ਅਤੇ ਫ਼ਸਲੀ ਰਹਿੰਦ-ਖੂੰਹਦ ਤੋਂ ਮੁਕਤ ਹੋਵੇ।।ਨਦੀਨ ਅਤੇ ਫ਼ਸਲੀ ਰਹਿੰਦ-ਖੂੰਹਦ ਕੀੜਿਆਂ ਲਈ ਭੋਜਨ ਦਾ ਸਰੋਤ ਹਨ ਤੇ ਨਾਲ ਹੀ ਉਨ੍ਹਾਂ ਨੂੰ ਸਖ਼ਤ ਵਾਤਾਵਰਨ ਤੇ ਦੁਸ਼ਮਣ ਕੀੜਿਆਂ ਤੋਂ ਵੀ ਬਚਾਅ ਕੇ ਰੱਖਦੇ ਹਨ। ਇਸ ਤਰ੍ਹਾਂ ਨਦੀਨਾਂ ਤੇ ਫ਼ਸਲੀ ਰਹਿੰਦ-ਖੂੰਹਦ ਤੋਂ ਖੇਤ ਤੋਂ ਮੁਕਤ ਕਰਨ ਨਾਲ ਕੀੜਿਆਂ ਦੇ ਭੋਜਨ ਦੀ ਸਪਲਾਈ ਟੁੱਟ ਜਾਂਦੀ ਹੈ ਤੇ ਵਧੀਆ ਕੀਟ-ਪ੍ਰਬੰਧ ਹੋ ਜਾਂਦਾ ਹੈ,ਜਿਵੇਂ ਕਿ ਲਾਲ ਭੱਬੂ ਕੁੱਤਾ ਬਹੁਫ਼ਸਲੀ ਕੀੜਾ ਹੈ, ਜੋ ਕਿ ਕਈ ਪ੍ਰਕਾਰ ਦੇ ਨਦੀਨਾਂ 'ਤੇ ਆਂਡੇ ਦਿੰਦਾ ਹੈ, ਜਿਨ੍ਹਾਂ ਵਿੱਚੋਂ ਸੁੰਡੀਆਂ ਨਿਕਲ ਕੇ ਮੁਢਲੀ ਅਵਸਥਾ 'ਚ ਇਨ੍ਹਾਂ ਨਦੀਨਾਂ ਉੱਪਰ ਹੀ ਪਲਦੀਆਂ ਹਨ ਤੇ ਬਾਅਦ ਵਿਚ ਮੁੱਖ ਫ਼ਸਲ 'ਤੇ ਚਲੀਆਂ ਜਾਂਦੀਆਂ ਹਨ।

ਜੇਕਰ ਫ਼ਸਲੀ ਚੱਕਰ ਵੀ ਬਦਲ-ਬਦਲ ਕੇ ਬੀਜਿਆ ਜਾਵੇ (ਇਕ ਸਾਲ ਇਕ ਫ਼ਸਲੀ ਚੱਕਰ ਤੇ ਦੂਸਰੇ ਸਾਲ ਦੂਸਰਾ ਫ਼ਸਲੀ ਚੱਕਰ) ਤਾਂ ਜਿਹੜੇ ਕੀੜੇ ਇਕ ਜਾਂ ਦੋ ਫ਼ਸਲਾਂ ਨੂੰ ਆਪਣੀ ਖ਼ੁਰਾਕ ਬਣਾਉਂਦੇ ਹਨ, ਉਹ ਖ਼ਤਮ ਹੋ ਜਾਣਗੇ। ਉਦਾਹਰਣ ਦੇ ਤੌਰ 'ਤੇ ਜੇ ਬਸੰਤ ਰੁੱਤੇ ਬਾਰਲੇ ਬੀਜਣ ਤੋਂ ਬਾਅਦ ਦਾਲਾਂ ਤੇ ਸਰਦੀ ਰੁੱਤੇ ਕਣਕ ਬੀਜੀ ਜਾਵੇ ਤਾਂ ਕੀੜਿਆਂ ਦੁਆਰਾ ਨੁਕਸਾਨ ਘੱਟ ਹੋਵੇਗਾ ਪਰ ਇਸ ਦੇ ਉਲਟ ਜੇ ਨਰਮੇਂ ਤੋਂ ਬਾਅਦ ਤਿੰਡੀ ਬੀਜੀ ਜਾਵੇ ਤਾਂ ਕੀੜੇ ਜ਼ਿਆਦਾ ਨੁਕਸਾਨ ਕਰਦੇ ਹਨ ਕਿਉਂਕਿ ਇਹ ਦੋਵੇਂ ਫ਼ਸਲਾਂ ਇਕ ਹੀ ਫੈਮਿਲੀ ਨਾਲ ਸਬੰਧਤ ਹੋਣ ਕਾਰਨ ਲਗਪਗ ਇੱਕੋ ਜਿਹੇ ਗੁਣਾਂ ਵਾਲੀਆਂ ਹਨ।

ਖਾਦਾਂ ਦੀ ਵਰਤੋਂ

ਆਮ ਤੌਰ 'ਤੇ ਨਾਈਟਰੋਜਨ ਖਾਦ ਦੀ ਵਰਤੋਂ ਨਾਲ ਕੀੜਿਆਂ ਦੇ ਹਮਲੇ 'ਚ ਵਾਧਾ ਹੁੰਦਾ ਹੈ ਪਰ ਦੇਸੀ ਰੂੜੀ ਦੀ ਵਰਤੋਂ ਨਾਲ ਬੂਟਾ ਤੰਦਰੁਸਤ ਬਣਦਾ ਹੈ ਜਿਸ ਨਾਲ ਬੂਟਾ ਕੀੜਿਆਂ ਦੇ ਹਮਲੇ ਦਾ ਟਾਕਰਾ ਕਰਨ ਦੇ ਸਮਰੱਥ ਹੋ ਜਾਂਦਾ ਹੈ।

ਭਰਵੀਂ ਸਿੰਚਾਈ

ਜਿਹੜੇ ਕੀੜੇ ਜ਼ਮੀਨ ਵਿਚ ਰਹਿੰਦੇ ਹਨ, ਉਨ੍ਹਾਂ ਨੂੰ ਭਰਵਾਂ ਪਾਣੀ ਖੇਤ ਨੂੰ ਦੇ ਕੇ ਖ਼ਤਮ ਕੀਤਾ ਜਾ ਸਕਦਾ ਹੈ, ਜਿਵੇਂ ਕਿ ਸਿਉਂਕ, ਗਰਾਸ ਹੋਪਰ, ਟਿੱਡੀ ਆਦਿ।ਭਰਵਾਂ ਪਾਣੀ ਦੇਣ ਨਾਲ ਖ਼ਤਮ ਹੋ ਜਾਂਦੇ ਹਨ ਜਾਂ ਇਹ ਜ਼ਮੀਨ 'ਚੋਂ ਬਾਹਰ ਆਉਣ ਕਾਰਨ ਆਸਾਨੀ ਨਾਲ ਪੰਛੀਆਂ ਨੂੰ ਨਜ਼ਰ ਆ ਜਾਂਦੇ ਹਨ ਤੇ ਉਨ੍ਹਾਂ ਦੀ ਖ਼ੁਰਾਕ ਬਣ ਜਾਂਦੇ ਹਨ। ਲੂਸਣ ਦੀ ਵਾਢੀ ਤੋਂ ਬਾਅਦ ਬਹੁਤ ਸਾਰੀਆਂ ਲੂਸਣ ਦੀਆਂ ਸੁੰਡੀਆਂ (Lucerne caterpillar) ਖੇਤ ਵਿਚ ਰਹਿ ਜਾਂਦੀਆਂ ਹਨ। ਲੂਸਣ ਦੀ ਵਾਢੀ ਤੋਂ ਬਾਅਦ ਇਕ ਭਰਵਾਂ ਪਾਣੀ ਦੇਣ ਨਾਲ ਇਹ ਸੁੰਡੀਆਂ ਡੁੱਬ ਕੇ ਮਰ ਜਾਂਦੀਆਂ ਹਨ।

ਬੂਟਿਆਂ ਦੀ ਕਾਂਟ-ਛਾਂਟ

ਕੁਝ ਕੀੜੇ ਰੋਗੀ ਬੂਟੇ ਤੋਂ ਨਿਰੋਏ ਬੂਟੇ ਤਕ ਆਸਾਨੀ ਨਾਲ ਚਲੇ ਜਾਂਦੇ ਹਨ। ਅਜਿਹੇ ਰੋਗੀ ਬੂਟਿਆਂ ਦਾ ਕੀੜੇ ਸਮੇਤ ਨੁਕਸਾਨਿਆ ਹੋਇਆ ਭਾਗ ਕੱਟਣ ਤੋਂ ਬਾਅਦ ਸਾੜ ਦੇਣ ਨਾਲ ਇਹ ਕੀੜੇ ਨਿਰੋਏ ਬੂਟੇ ਤਕ ਨਹੀ ਪਹੁੰਚ ਸਕਦੇ। ਇਸੇ ਤਰ੍ਹਾਂ ਫ਼ਸਲ ਦਾ ਮੁੱਢਾ ਨਾ ਰੱਖਣ ਨਾਲ ਵੀ ਕੀਟ ਪ੍ਰਬੰਧ ਹੋ ਜਾਂਦਾ ਹੈ, ਜਿਵੇਂ ਕਿ ਕਮਾਦ ਵਿਚ ਕਾਲੀ ਬੱਗ ਦਾ ਹਮਲਾ ਮੁੱਖ ਫ਼ਸਲ ਨਾਲੋਂ ਮੁੱਢੀ ਫ਼ਸਲ 'ਤੇ ਜ਼ਿਆਦਾ ਹੁੰਦਾ ਹੈ। ਇਕ ਫ਼ਸਲ ਦੀ ਕਟਾਈ ਤੋਂ ਬਾਅਦ ਦੂਸਰੀ ਫ਼ਸਲ ਦੀ ਬਿਜਾਈ ਤਕ ਜ਼ਿਆਦਾ ਸਮਾਂ ਹੋਣ ਨਾਲ ਵੀ ਕੀਟ ਪ੍ਰਬੰਧ ਹੋ ਜਾਂਦਾ ਹੈ ਕਿਉਂਕਿ ਖੇਤ ਖਾਲੀ ਹੋਣ ਕਾਰਨ ਕੀੜਿਆਂ ਨੂੰ ਖਾਣ ਲਈ ਕੁਝ ਨਹੀ ਮਿਲਦਾ। ਮੁੱਢਾ ਰੱਖਣ ਵੇਲੇ ਕਮਾਦ ਦੀ ਵਾਢੀ ਜ਼ਮੀਨ ਨੇੜਿਉਂ ਕਰਨੀ ਚਾਹੀਦੀ ਹੈ ਤਾਂ ਕਿ ਜੜ੍ਹਾਂ ਦਾ ਗੜੂੰਏਂ ਤੇ ਸਕੇਲ (scale) ਕੀੜੇ ਦੇ ਨੁਕਸਾਨ ਤੋਂ ਬਚਿਆ ਜਾ ਸਕੇ। ਅਮਰੂਦ ਵਿਚ ਫਲ ਦੀ ਮੱਖੀ ਦੇ ਹਮਲੇ ਨੂੰ ਘਟਾਉਣ ਲਈ ਹਮਲੇ ਵਾਲੇ ਡਿੱਗੇ ਹੋਏ ਫਲ ਚੁੱਕ ਕੇ ਉਨ੍ਹਾਂ ਨੂੰ ਡੂੰਘਾ ਦਬਾ ਦੇਣਾ ਜਾਂ ਸਾੜ ਦੇਣਾ ਚਾਹੀਦਾ ਹੈ।

ਬਿਜਾਈ ਤੇ ਵਾਢੀ ਦਾ ਸਮਾਂ

ਫ਼ਸਲ ਦੀ ਬਿਜਾਈ ਤੇ ਉਸ ਦੀ ਵਾਢੀ ਦਾ ਸਮਾਂ ਕੀੜਿਆਂ ਤੋਂ ਹੋਣ ਵਾਲੇ ਨੁਕਸਾਨ 'ਤੇ ਕਾਫ਼ੀ ਅਸਰ ਪਾਉਂਦਾ ਹੈ,। ਜਿਵੇਂ ਕਿ ਨਰਮੇਂ ਦੀਆਂ ਜ਼ਲਦੀ ਪੱਕਣ ਵਾਲੀਆਂ ਕਿਸਮਾਂ 'ਤੇ ਗੁਲਾਬੀ ਸੁੰਡੀ ਦਾ ਹਮਲਾ ਘੱਟ ਹੁੰਦਾ ਹੈ। ਇਸੇ ਤਰ੍ਹਾਂ ਝੋਨੇ ਦੀ ਪੀਆਰ-121 (ਘੱਟ ਸਮਾਂ ਲੈਣ ਵਾਲੀ) ਕਿਸਮ 'ਤੇ ਭੂਰੀ ਪਿ੠ ਵਾਲੇ ਟਿੱਡੇ ਦਾ ਹਮਲਾ ਪੂਸਾ-44 (ਵੱਧ ਸਮਾਂ ਲੈਣ ਵਾਲੀ ਕਿਸਮ) ਦੇ ਮੁਕਾਬਲੇ ਘੱਟ ਪਾਇਆ ਗਿਆ। ਸਾਉਣੀ ਵਰ੍ਹੇ 2016 ਦੌਰਾਨ।ਪੀਆਰ 121 ਕਿਸਮ ਦੇ ਪੱਕਣ ਲਈ ਘੱਟ ਸਮਾਂ ਲੈਣ ਕਾਰਨ ਇਸ ਦੀ ਵਾਢੀ ਪਿੱਛੋਂ ਭੂਰੀ ਪਿ੠ ਵਾਲਾ ਟਿੱਡਾ ਪੂਸਾ-44 'ਤੇ ਤਬਦੀਲ ਹੋ ਗਿਆ ਤੇ ਉਸ ਨੇ ਦੇਰੀ ਨਾਲ ਪੱਕਣ ਵਾਲੀ ਇਸ ਕਿਸਮ ਦਾ ਵਧੇਰੇ ਨੁਕਸਾਨ ਕੀਤਾ। ਛੋਲਿਆਂ ਦੀ ਅਗੇਤੀ ਬਿਜਾਈ ਇਸ ਫ਼ਸਲ ਨੂੰ ਅਮਰੀਕਨ ਸੁੰਡੀ ਦੇ ਹਮਲੇ ਤੋਂ ਬਚਾਉਂਦੀ ਹੈ। ਜੇ ਮੱਕੀ ਨੂੰ ਬੀਜ ਵਾਸਤੇ 15 ਅਗਸਤ ਤੋਂ ਬਾਅਦ ਬੀਜਿਆ ਜਾਂਦਾ ਹੈ ਤਾਂ ਇਸ 'ਤੇ ਮੱਕੀ ਦੇ ਗੜੂੰਏਂ ਦਾ ਹਮਲਾ ਨਹੀ ਹੁੰਦਾ। ਅਗੇਤੇ ਬੀਜੇ ਨਰਮੇਂ 'ਤੇ ਚਿੱਟੀ ਮੱਖੀ ਦਾ ਹਮਲਾ ਪਿਛੇਤੇ ਬੀਜੇ ਨਰਮੇਂ ਦੇ ਮੁਕਾਬਲੇ ਵੱਧ ਹੁੰਦਾ ਹੈ। ਸਰ੍ਹੋਂ ਦੇ ਚੇਪੇ ਦਾ ਹਮਲਾ ਫ਼ਸਲ 'ਤੇ ਫਰਵਰੀ- ਮਾਰਚ ਦੇ ਮਹੀਨੇ ਬਹੁਤ ਜ਼ਿਆਦਾ ਹੁੰਦਾ ਹੈ।।ਸਰ੍ਹੋਂ ਦੀ ਅਗੇਤੀ ਬਿਜਾਈ ਨਾਲ ਇਸ ਕੀੜੇ ਦੇ ਹਮਲੇ ਤੋਂ ਹੋਣ ਵਾਲੇ ਨੁਕਸਾਨ ਤੋਂ ਬਚਿਆ ਜਾ ਸਕਦਾ ਹੈ।

ਵਲੰਟੀਅਰ ਬੂਟੇ

ਵਲੰਟੀਅਰ ਬੂਟੇ ਉਹ ਹੁੰਦੇ ਹਨ, ਜੋ ਖੇਤ ਵਿਚ ਆਪਣੇ ਆਪ ਉੱਗ ਪੈਂਦੇ ਹਨ ਜਾਂ ਪਿਛਲੀ ਫ਼ਸਲ ਦੀ ਰਹਿੰਦ-ਖੂੰਹਦ ਤੋਂ ਨਿਕਲੇ ਬੂਟੇ ਕੀੜਿਆਂ ਦੇ ਵਾਧੇ 'ਚ ਸਹਾਈ ਹੁੰਦੇ ਹਨ। ਇਸ ਲਈ ਇਨ੍ਹਾਂ ਵਲੰਟੀਅਰ ਬੂਟਿਆਂ ਨੂੰ ਖੇਤ 'ਚੋਂ ਖ਼ਤਮ ਕਰ ਦੇਣਾ ਚਾਹੀਦਾ ਹੈ।•

ਸਿਉਂਕ ਦੇ ਕੀੜੇ ਬੂਟਿਆਂ ਦੀਆਂ ਜੜ੍ਹਾਂ ਤੇ ਜ਼ਮੀਨ ਤੋਂ ਉੱਪਰਲੇ ਹਿੱਸਿਆਂ ਨੂੰ ਖਾ ਕੇ ਨੁਕਸਾਨ ਪਹੁੰਚਾਉਂਦੇ ਹਨ। ਗੰਭੀਰ ਹਮਲੇ ਨਾਲ ਬੂਟਾ ਸੁੱਕ ਜਾਂਦਾ ਹੈ। ਇਸ ਕੀੜੇ ਦਾ ਵਾਧਾ ਤੇਜ਼ੀ ਨਾਲ ਹੋਣ ਕਾਰਨ ਬਾਗ਼ਾਂ ਦਾ ਕਾਫ਼ੀ ਨੁਕਸਾਨ ਹੁੰਦਾ ਹੈ...

ਬਾਗ਼ਾਂ 'ਚ ਸਿਉਂਕ ਦੀ ਰੋਕਥਾਮ

ਟਰੈਪ 'ਚ ਇਕੱਠੀ ਹੋਈ ਸਿਉਂਕ ਨੂੰ ਮਾਰਨਾ

*ਸਿਉਂਕ ਟਰੈਪਾਂ ਨੂ

4 ਜੂਨ ਨੂੰ ਮੋਦੀ ਦੀ ਜਿੱਤ ਤੋਂ ਬਾਅਦ ਸ਼ੇਅਰ ਬਾਜ਼ਾਰ 'ਚ ਆਵੇਗੀ ਤੇਜ਼ੀ : ਅਮਿਤ ਸ਼ਾਹ

ਨਵੀਂ ਦਿੱਲੀ, 14 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਬਾਜ਼ਾਰ 'ਚ ਹਾਲ ਹੀ 'ਚ ਆਈ ਗਿਰਾਵਟ 'ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਵੱਡੀ ਭਵਿੱਖਬਾਣੀ ਕਰਦੇ ਹੋਏ ਕਿਹਾ ਕਿ 4 ਜੂਨ 2024 ਨੂੰ ਚੋਣ ਨਤੀਜੇ ਐਲਾਨੇ ਜਾਣ ਤੋਂ ਬਾਅਦ ਸ਼ੇਅਰ ਬਾਜ਼ਾਰ 'ਚ ਤੇਜ਼ੀ ਆਵੇਗੀ। ਹਾਲਾਂਕਿ ਗ੍ਰਹਿ ਮੰਤਰੀ ਹਾਲ ਹੀ ਵਿੱਚ ਆਈ ਗਿਰਾਵਟ ਨੂੰ ਲੈ ਕੇ ਜ਼ਿਆਦਾ ਚਿੰਤਾ ਵਿਚ ਨਹੀਂ ਹਨ। ਪਿਛਲੇ ਛੇ ਮਹੀਨਿਆਂ ਦੀ ਮਿਆਦ ਵਿੱਚ ਬੈਂਚਮਾਰਕ ਸੂਚਕਾਂਕ ਨਿਫਟੀ 12 ਫ਼ੀਸਦੀ ਤੋਂ ਵੱਧ ਹੈ, ਜਦੋਂ ਕਿ ਇੱਕ ਸਾਲ ਦੀ ਮਿਆਦ ਵਿੱਚ ਇਹ ਲਗਭਗ 20 ਫ਼ੀਸਦੀ ਵੱਧ ਹੈ।

ਉਹਨਾਂ ਨੇ ਕਿਹਾ ਕਿ ਪਿਛਲੇ ਸਮੇਂ ਵਿੱਚ ਵੀ ਬਾਜ਼ਾਰ ਵਿਚ ਜ਼ਿਆਦਾ ਗਿਰਾਵਟ ਆਈ ਹੈ। ਅਜਿਹੀ ਸਥਿਤੀ ਵਿੱਚ ਬਾਜ਼ਾਰ ਦੀਆਂ ਗਤੀਵਿਧੀਆਂ ਨੂੰ ਸਿੱਧੇ ਤੌਰ 'ਤੇ ਚੋਣਾਂ ਨਾਲ ਜੋੜਨਾ ਸਿਆਣਪ ਨਹੀਂ ਹੈ। ਸ਼ਾਇਦ ਇਹ ਗਿਰਾਵਟ ਕਿਸੇ ਅਫਵਾਹ ਕਾਰਨ ਆਈ ਹੈ। ਮੇਰੀ ਰਾਏ ਹੈ ਕਿ 4 ਜੂਨ ਤੋਂ ਪਹਿਲਾਂ ਖਰੀਦਦਾਰੀ ਕਰ ਲਓ, ਕਿਉਂਕਿ ਬਾਜ਼ਾਰ ਵਿਚ ਤੇਜ਼ੀ ਆਉਣ ਵਾਲੀ ਹੈ। ਦੇਸ਼ ਵਿੱਚ 7 ਮਈ ਨੂੰ ਲੋਕ ਸਭਾ ਚੋਣਾਂ ਦੇ ਤੀਜੇ ਪੜਾਅ ਲਈ ਵੋਟਿੰਗ ਹੋਈ ਸੀ। ਉਦੋਂ ਤੋਂ ਲੈ ਕੇ ਹੁਣ ਤੱਕ ਸੈਂਸੈਕਸ ਅਤੇ ਨਿਫਟੀ 1.5 ਫ਼ੀਸਦੀ ਤੋਂ ਜ਼ਿਆਦਾ ਡਿੱਗ ਚੁੱਕੇ ਹਨ। ਜਦੋਂ ਕਿ NSE ਨਿਫਟੀ 50 8 ਮਈ ਤੋਂ 1.64 ਫ਼ੀਸਦੀ ਹੇਠਾਂ ਡਿੱਗਿਆ ਹੈ।

ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਮੋਦੀ ਨੇ ਟੇਕਿਆ ਮੱਥਾ, ਲੰਗਰ ਦੀ ਕੀਤੀ ਸੇਵਾ

ਪਟਨਾ, 14 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੋਮਵਾਰ ਨੂੰ ਸਖ਼ਤ ਸੁਰੱਖਿਆ ਦਰਮਿਆਨ ਪਟਨਾ ਸਥਿਤ ਤਖ਼ਤ ਸ੍ਰੀ ਹਰਿਮੰਦਰ ਜੀ, ਪਟਨਾ ਸਾਹਿਬ ਵਿਖੇ ਮੱਥਾ ਟੇਕਿਆ। ਪ੍ਰਧਾਨ ਮੰਤਰੀ ਦੀ ਤਖ਼ਤ ਸ੍ਰੀ ਹਰਿਮੰਦਰ ਜੀ, ਪਟਨਾ ਸਾਹਿਬ ਦੀ ਦੌਰੇ ਨੂੰ ਵੇਖਦੇ ਹੋਏ ਵਿਆਪਕ ਸੁਰੱਖਿਆ ਵਿਵਸਥਾ ਕੀਤੀ ਗਈ ਸੀ। ਪ੍ਰਧਾਨ ਮੰਤਰੀ ਮੋਦੀ ਨੇ ਸਿਰ 'ਤੇ ਪਗੜੀ ਬੰਨ ਕੇ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਮੱਥਾ ਟੇਕਿਆ। ਦੱਸ ਦੇਈਏ ਕਿ ਪ੍ਰਧਾਨ ਮੰਤਰੀ ਦੋ ਦਿਨਾ ਬਿਹਾਰ ਦੌਰੇ 'ਤੇ ਹਨ। ਇਕ ਦਿਨ ਪਹਿਲਾਂ ਪਟਨਾ 'ਚ ਰੋਡ ਸ਼ੋਅ ਕੀਤਾ ਸੀ। ਪ੍ਰਧਾਨ ਮੰਤਰੀ ਮੋਦੀ ਬਿਹਾਰ ਵਿਚ ਰੋਡ ਸ਼ੋਅ ਕਰਨ ਵਾਲੇ ਪਹਿਲੇ ਪ੍ਰਧਾਨ ਮੰਤਰੀ ਹਨ।

ਪ੍ਰਧਾਨ ਮੰਤਰੀ ਨੇ ਸੋਮਵਾਰ ਦੀ ਸਵੇਰ ਨੂੰ ਤੈਅ ਪ੍ਰੋਗਰਾਮ ਮੁਤਾਬਕ ਪਟਨਾ ਦੇ ਤਖ਼ਤ ਸ੍ਰੀ ਹਰਿਮੰਦਰ ਸਾਹਿਬ ਪਹੁੰਚੇ। ਪ੍ਰਧਾਨ ਮੰਤਰੀ ਮੋਦੀ ਸਿੱਖ ਪਗੜੀ ਪਹਿਨ ਕੇ ਪਟਨਾ ਸਾਹਿਬ ਪਹੁੰਚੇ ਅਤੇ ਗੁਰਦੁਆਰਾ ਸਾਹਿਬ ਵਿਚ ਮੱਥਾ ਟੇਕਿਆ। ਪ੍ਰਧਾਨ ਮੰਤਰੀ ਨੇ ਗੁਰਦੁਆਰਾ ਸਾਹਿਬ ਦੇ ਦਰਸ਼ਨਾਂ ਦੇ ਨਾਲ-ਨਾਲ ਅਰਦਾਸ ਕੀਤੀ। ਦੱਸਿਆ ਜਾ ਰਿਹਾ ਹੈ ਕਿ ਪ੍ਰਧਾਨ ਮੰਤਰੀ ਪਹਿਲੀ ਵਾਰ ਇੱਥੇ ਆਏ ਹਨ। ਉਨ੍ਹਾਂ ਦੇ ਸੁਆਗਤ ਲਈ ਸਿੱਖ ਭਾਈਚਾਰੇ ਦੇ ਲੋਕਾਂ ਦੀ ਭੀੜ ਉਮੜ ਪਈ। ਗੁਰਦੁਆਰਾ ਸਾਹਿਬ ਵਿਚ ਮੱਥਾ ਟੇਕਣ ਤੋਂ ਇਲਾਵਾ ਪ੍ਰਧਾਨ ਮੰਤਰੀ ਮੋਦੀ ਨੇ ਗੁਰਦੁਆਰਾ ਸਾਹਿਬ ਦੇ ਲੰਗਰ ਹਾਲ 'ਚ ਸੰਗਤਾਂ ਵਿਚ ਲੰਗਰ ਵੀ ਵਰਤਾਇਆ ਅਤੇ ਲੰਗਰ ਦੀ ਸੇਵਾ ਕੀਤੀ। ਦੱਸ ਦੇਈਏ ਕਿ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਪ੍ਰਧਾਨ ਮੰਤਰੀ ਦੇ ਸੁਆਗਤ ਨੂੰ ਲੈ ਕੇ ਵਿਸ਼ੇਸ਼ ਤਿਆਰੀ ਕੀਤੀ ਗਈ। ਗੁਰਦੁਆਰਾ ਸਾਹਿਬ ਵਿਚ ਸੁਰੱਖਿਆ ਵਿਵਸਥਾ ਸਖ਼ਤ ਕੀਤੀ ਗਈ। ਹਾਈ ਅਲਰਟ ਮੋਡ 'ਤੇ ਪੁਲਸ ਪ੍ਰਸ਼ਾਸਨ ਦੀ ਟੀਮ ਦਿੱਸੀ। ਵੱਡੀ ਗਿਣਤੀ ਵਿਚ ਪੁਲਸ ਦੇ ਜਵਾਨਾਂ ਨੂੰ ਤਾਇਨਾਤ ਕੀਤਾ ਗਿਆ।

ਲੋਕ ਸਭਾ ਚੋਣਾਂ ਦੇ ਵੋਟਿੰਗ ਅੰਕੜੇ ਜਾਰੀ ਕਰਨ ਬਾਰੇ ਪਟੀਸ਼ਨ 17 ਨੂੰ ਸੁਣੇਗੀ ਸੁਪਰੀਮ ਕੋਰਟ

ਨਵੀਂ ਦਿੱਲੀ, 14 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਸੁਪਰੀਮ ਕੋਰਟ ਗੈਰ-ਸਰਕਾਰੀ ਸੰਗਠਨ (ਐੱਨਜੀਓ) ਵੱਲੋਂ ਦਾਇਰ ਉਸ ਪਟੀਸ਼ਨ 'ਤੇ ਸੁਣਵਾਈ ਲਈ 17 ਮਈ ਨੂੰ ਸਹਿਮਤ ਹੋ ਗਈ ਹੈ, ਜਿਸ ਵਿਚ ਮੰਗ ਕੀਤੀ ਗਈ ਹੈ ਕਿ ਚੋਣ ਕਮਿਸ਼ਨ ਨੂੰ ਲੋਕ ਸਭਾ ਚੋਣਾਂ ਦੇ ਹਰੇਕ ਪੜਾਅ ਦੀ ਵੋਟਿੰਗ ਖਤਮ ਹੋਣ ਤੋਂ 48 ਘੰਟਿਆਂ ਦੇ ਅੰਦਰ ਆਪਣੇ ਵੋਟ ਫੀਸਦ ਅੰਕੜੇ ਵੈੱਬਸਾਈਟ 'ਤੇ ਅਪਲੋਡ ਕਰਨ ਲਈ ਹਦਾਇਤਾਂ ਦੇਣ ਦੀ ਅਪੀਲ ਕੀਤੀ ਗਈ ਹੈ। ਜਸਟਿਸ ਸੰਜੀਵ ਖੰਨਾ ਅਤੇ ਜਸਟਿਸ ਦੀਪਾਂਕਰ ਦੱਤਾ ਦੀ ਬੈਂਚ ਨੇ ਕਿਹਾ ਕਿ ਇਹ ਮਾਮਲਾ ਸ਼ੁੱਕਰਵਾਰ ਨੂੰ ਸੂਚੀਬੱਧ ਕੀਤਾ ਜਾਵੇਗਾ। ਇਸ ਤੋਂ ਪਹਿਲਾਂ 'ਐਸੋਸੀਏਸ਼ਨ ਫਾਰ ਡੈਮੋਕਰੇਟਿਕ ਰਿਫਾਰਮਜ਼' (ਏਡੀਆਰ) ਵੱਲੋਂ ਪੇਸ਼ ਹੋਏ ਵਕੀਲ ਪ੍ਰਸ਼ਾਂਤ ਭੂਸ਼ਨ ਨੇ ਪਟੀਸ਼ਨ 'ਤੇ ਤੁਰੰਤ ਸੁਣਵਾਈ ਦੀ ਅਪੀਲ ਕੀਤੀ।

ਜ਼ੀਰਕਪੁਰ ਵਿੱਚ ਵੱਧ ਰਹੀ ਆਬਾਦੀ ਕਾਰਨ ਧਰਤੀ ਹੇਠਲੇ ਪਾਣੀ ਦਾ ਪੱਧਰ ਡਿੱਗਣਾ ਚਿੰਤਾਜਨਕ

ਜ਼ੀਰਕਪੁਰ, 14 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਕਿਸੇ ਸਮੇਂ ਛੋਟੇ ਸ਼ਹਿਰ ਵਜੋਂ ਜਾਣੇ ਜਾਂਦੇ ਜ਼ੀਰਕਪੁਰ ਦੀ ਆਬਾਦੀ ਪਿਛਲੇ ਕੁਝ ਸਾਲਾਂ ਵਿੱਚ ਤੇਜ਼ੀ ਨਾਲ ਵਧੀ ਹੈ। ਇੱਥੇ ਲੋਕਾਂ ਦੀ ਗਿਣਤੀ 2003 ਵਿੱਚ 50 ਹਜ਼ਾਰ ਤੋਂ ਵੱਧ ਕੇ ਅੱਜ 2024 ਵਿੱਚ 6 ਲੱਖ ਤੋਂ ਵੱਧ ਹੋ ਗਈ ਹੈ। ਇਸ ਦੇ ਲਈ ਜ਼ੀਰਕਪੁਰ ਨਗਰ ਕੌਂਸਲ ਵੱਲੋਂ 100 ਦੇ ਕਰੀਬ ਟਿਊਬਵੈੱਲਾਂ ਰਾਹੀਂ ਘਰਾਂ ਨੂੰ ਪਾਣੀ ਸਪਲਾਈ ਕੀਤਾ ਜਾ ਰਿਹਾ ਹੈ।

ਇਹ ਵਾਧਾ ਤਰੱਕੀ ਦਾ ਸੰਕੇਤ ਜਾਪਦਾ ਹੈ, ਪਰ ਇਸ ਨੇ ਇੱਕ ਚਿੰਤਾਜਨਕ ਮੁੱਦਾ ਵੀ ਖੜ੍ਹਾ ਕਰ ਦਿੱਤਾ ਹੈ - ਸ਼ਹਿਰ ਦਾ ਧਰਤੀ ਹੇਠਲੇ ਪਾਣੀ ਦਾ ਪੱਧਰ ਤੇਜ਼ੀ ਨਾਲ ਹੇਠਾਂ ਜਾ ਰਿਹਾ ਹੈ। ਇਸ ਦਾ ਵੱਡਾ ਕਾਰਨ ਸ਼ਹਿਰ ਵਿੱਚ ਉਸਾਰੀ ਪ੍ਰਾਜੈਕਟਾਂ ਦੀ ਬਹੁਤਾਤ ਹੈ। ਸ਼ਹਿਰ ਦੇ ਪਾਣੀ ਦਾ ਪੱਧਰ ਹਰ ਸਾਲ ਅੱਠ ਤੋਂ ਦਸ ਫੁੱਟ ਤੱਕ ਡਿੱਗ ਰਿਹਾ ਹੈ। 2003 'ਚ ਪਹਿਲਾਂ 200 ਫੁੱਟ 'ਤੇ ਪਾਣੀ ਨਿਕਲਦਾ ਸੀ ਪਰ ਹੁਣ ਸ਼ਹਿਰ ਚ ਤੇਜ਼ੀ ਨਾਲ ਚੱਲ ਰਹੇ ਸ਼ਹਿਰੀਕਰਨ ਕਾਰਨ ਸਾਫ ਪਾਣੀ 800 ਫੁੱਟ 'ਤੇ ਪਹੁੰਚ ਗਿਆ ਹੈ। ਟ੍ਰਾਈਸਿਟੀ ਦੇ ਵਸਨੀਕਾਂ ਲਈ ਇਹ ਇੱਕ ਪਸੰਦੀਦਾ ਸਥਾਨ ਹੈ, ਕਿਉਂਕਿ ਇੱਥੇ ਜ਼ਮੀਨ ਚੰਡੀਗੜ੍ਹ, ਪੰਚਕੂਲਾ ਅਤੇ ਮੋਹਾਲੀ ਨਾਲੋਂ ਸਸਤੀ ਹੈ। ਇੱਥੇ ਸੈਂਕੜੇ ਰਿਹਾਇਸ਼ੀ ਕਲੋਨੀਆਂ ਅਤੇ ਸਮੂਹ ਹਾਊਸਿੰਗ ਸੁਸਾਇਟੀਆਂ ਵਿਕਸਤ ਹੋਈਆਂ ਹਨ ਅਤੇ ਲਗਾਤਾਰ ਫੈਲ ਰਹੀਆਂ ਹਨ। ਆਬਾਦੀ ਦੀ ਪਾਣੀ ਦੀ ਜ਼ਰੂਰਤ ਨੂੰ ਪੂਰੀ ਕਰਨ ਲਈ ਬਿਲਡਰਾਂ ਨੇ ਨਿੱਜੀ ਟਿਊਬਵੈੱਲ ਵੀ ਲਗਾਏ ਹਨ। ਪਰ ਜ਼ਿਆਦਾਤਰ ਥਾਵਾਂ 'ਤੇ ਸਰਕਾਰੀ ਟਿਊਬਵੈੱਲਾਂ ਤੋਂ ਪਾਣੀ ਸਪਲਾਈ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ, ਸ਼ਹਿਰ ਵਿੱਚ ਵਧੇਰੇ ਲੋਕ ਆਪਣੀਆਂ ਸਬਮਰਸੀਬਲਾਂ ਨੂੰ ਸਥਾਪਿਤ ਕਰ ਰਹੇ ਹਨ। ਜਿਸ ਦੀ ਇਜਾਜ਼ਤ ਨਹੀਂ ਲਈ ਜਾਂਦੀ। ਹੁਣ ਸਾਫ਼ ਪਾਣੀ 800 ਫੁੱਟ ਦੀ ਡੂੰਘਾਈ ਤੱਕ ਹੀ ਮਿਲਦਾ ਹੈ। ਇਹ ਚਿੰਤਾਜਨਕ ਰੁਝਾਨ ਸ਼ਹਿਰ ਦੀ ਆਬਾਦੀ ਵਿੱਚ ਵਾਧੇ ਅਤੇ ਸ਼ਹਿਰ ਵਿੱਚ ਉਸਾਰੀ

ਪ੍ਰਾਜੈਕਟਾਂ ਦੀ ਭਰਮਾਰ ਦਾ ਸਿੱਧਾ ਨਤੀਜਾ ਹੈ।

ਮਾਹਿਰਾਂ ਅਨੁਸਾਰ ਸ਼ਹਿਰ ਵਿੱਚ ਲੋੜ ਤੋਂ ਵੱਧ ਉਸਾਰੀ ਪ੍ਰਾਜੈਕਟ ਧਰਤੀ ਹੇਠਲੇ ਪਾਣੀ ਦੇ ਡਿੱਗਣ ਦਾ ਮੁੱਖ ਕਾਰਨ ਹਨ। ਜਿਵੇਂ-ਜਿਵੇਂ ਵੱਧ ਤੋਂ ਵੱਧ ਇਮਾਰਤਾਂ ਬਣ ਰਹੀਆਂ ਹਨ, ਧਰਤੀ ਹੇਠਲੇ ਪਾਣੀ ਦੇ ਕੁਦਰਤੀ ਰੀਚਾਰਜ ਵਿੱਚ ਵਿਘਨ ਪੈ ਰਿਹਾ ਹੈ। ਵਧਦੀ ਆਬਾਦੀ ਦੀ ਪਾਣੀ ਦੀ ਮੰਗ ਵਧਣ ਨਾਲ ਇਸ ਨਾਲ ਸ਼ਹਿਰ ਦੀ ਜਲ ਸਪਲਾਈ ਲਈ ਖਤਰਨਾਕ ਸਥਿਤੀ ਪੈਦਾ ਹੋ ਗਈ ਹੈ।

ਜ਼ੀਰਕਪੁਰ ਵਿੱਚ ਧਰਤੀ ਹੇਠਲੇ ਪਾਣੀ ਦਾ ਡਿੱਗਦਾ ਪੱਧਰ ਸ਼ਹਿਰ ਵਾਸੀਆਂ ਅਤੇ ਸਥਾਨਕ ਸਰਕਾਰਾਂ ਦੋਵਾਂ ਲਈ ਚਿੰਤਾ ਦਾ ਵਿਸ਼ਾ ਬਣ ਗਿਆ ਹੈ। ਜੇਕਰ ਇਹ ਸਿਲਸਿਲਾ ਜਾਰੀ ਰਿਹਾ ਤਾਂ ਜਲਦੀ ਹੀ ਸ਼ਹਿਰ ਨੂੰ ਪਾਣੀ ਦੇ ਗੰਭੀਰ ਸੰਕਟ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਸਰਕਾਰ ਹੁਣ ਇਸ ਮੁੱਦੇ ਨੂੰ ਹੱਲ ਕਰਨ ਲਈ ਕਦਮ ਚੁੱਕ ਰਹੀ ਹੈ, ਜਿਸ ਵਿੱਚ ਉਸਾਰੀ ਪ੍ਰੋਜੈਕਟਾਂ 'ਤੇ ਸਖ਼ਤ ਨਿਯਮ ਲਾਗੂ ਕਰਨਾ ਅਤੇ ਨਿਵਾਸੀਆਂ ਵਿੱਚ ਪਾਣੀ ਦੀ ਸੰਭਾਲ ਦੇ ਅਭਿਆਸਾਂ ਨੂੰ ਉਤਸ਼ਾਹਿਤ ਕਰਨਾ ਸ਼ਾਮਲ ਹੈ।

2009, 2014 ਅਤੇ 2019 ਦੀਆਂ ਚੋਣਾਂ ਵਿੱਚ ਵੱਖ-ਵੱਖ ਸਿਆਸੀ ਆਗੂਆਂ ਵੱਲੋਂ ਕੀਤੇ ਵਾਅਦਿਆਂ ਦੇ ਬਾਵਜੂਦ ਨਹਿਰੀ ਪਾਣੀ ਨੂੰ ਜ਼ੀਰਕਪੁਰ ਤੱਕ ਪਹੁੰਚਾਉਣ ਦੀ ਯੋਜਨਾ ਅਜੇ ਤੱਕ ਅਮਲ ਵਿੱਚ ਨਹੀਂ ਆਈ ਹੈ। ਸਿੱਟੇ ਵਜੋਂ ਸ਼ਹਿਰ ਵਿੱਚ ਪਾਣੀ ਦਾ ਪੱਧਰ ਲਗਾਤਾਰ ਘਟਦਾ ਜਾ ਰਿਹਾ ਹੈ, ਜਿਸ ਕਾਰਨ ਵਸਨੀਕਾਂ ਅਤੇ ਨਗਰ ਕੌਂਸਲ ਦੋਵਾਂ ਲਈ ਚਿੰਤਾ ਬਣੀ ਹੋਈ ਹੈ। ਇਸ ਗੰਭੀਰ ਮਸਲੇ ਦੇ ਹੱਲ ਲਈ ਜ਼ਰੂਰੀ ਹੈ ਕਿ ਨਹਿਰੀ ਪਾਣੀ ਪੁੱਜਦਾ ਕਰਨ ਦੀ ਯੋਜਨਾ ਨੂੰ ਜਲਦੀ ਤੋਂ ਜਲਦੀ ਲਾਗੂ ਕੀਤਾ ਜਾਵੇ।

ਜ਼ੀਰਕਪੁਰ ਸ਼ਹਿਰ ਇੱਕ ਨਾਜ਼ੁਕ ਮੋੜ 'ਤੇ ਹੈ, ਅਤੇ ਇਸ ਲਈ ਜ਼ਰੂਰੀ ਹੈ ਕਿ ਸਾਰੇ ਹਿੱਸੇਦਾਰ ਇਕੱਠੇ ਹੋ ਕੇ ਪਾਣੀ ਦੇ ਸੰਕਟ ਨੂੰ ਰੋਕਣ ਲਈ ਕਦਮ ਚੁੱਕਣ। ਤੇਜ਼ੀ ਨਾਲ ਵਧ ਰਹੀ ਆਬਾਦੀ ਅਤੇ ਉਸਾਰੀ ਦੇ ਉਛਾਲ ਨੇ ਇਸ ਸਮਸਿਆਵ ਨੂੰ ਗੰਭੀਰ ਬਣਾ ਦਿੱਤਾ ਹੈ, ਅਤੇ ਇਹ ਹੁਣ ਰਾਜਨੀਤਕ ਆਗੂਆਂ 'ਤੇ ਵੀ ਨਿਰਭਰ ਕਰਦਾ ਹੈ ਕਿ ਉਹ ਆਉਣ ਵਾਲੀਆਂ ਪੀੜ੍ਹੀਆਂ ਲਈ ਸ਼ਹਿਰ ਦੀ ਪਾਣੀ ਦੀ ਸਪਲਾਈ ਨੂੰ ਯਕੀਨੀ ਬਣਾਉਣ ਲਈ ਟਿਕਾਊ ਹੱਲ ਲੱਭਣ।

ਆਮ ਆਦਮੀ ਪਾਰਟੀ ਭਾਰਤੀ ਜਨਤਾ ਪਾਰਟੀ ਦੀ ਬੀ ਟੀਮ ਹੈ : ਪ੍ਰਗਟ ਸਿੰਘ

ਧੂਰੀ, 14 ਮਈ
-ਕੌਮੀ ਪੱਤ੍ਰਿਕਾ ਬਿਊਰੋ-

ਲੋਕ ਸਭਾ ਚੋਣਾਂ ਨੂੰ ਲੈਕੇ ਸਰ ਗਰਮੀਆਂ ਤੇਜ਼ ਹੋ ਚੁੱਕੀਆਂ ਹਨ ਪਾਰਟੀ ਉਮੀਦਵਾਰਾਂ ਵੱਲੋਂ ਅਤੇ ਪਾਰਟੀਆਂ ਵੱਲੋਂ ਆਪਣੇ ਵੱਡੇ ਵੱਡੇ ਲੀਡਰਾਂ ਨੂੰ ਉਮੀਦਵਾਰਾਂ ਦੇ ਚੋਣ ਪ੍ਰਚਾਰ ਲਈ ਭੇਜਿਆ ਜਾ ਰਿਹਾ ਹੈ ਇਸੇ ਲੜੀ ਦੇ ਤਹਿਤ ਸੁਖਪਾਲ ਸਿੰਘ ਖਹਿਰਾ ਦੇ ਹੱਕ ਦੇ ਵਿੱਚ ਰੈਲੀ ਕਰਨ ਪਹੁੰਚੇ ਸਾਬਕਾ ਕੈਬਨਿਟ ਮੰਤਰੀ ਸਪੋਰਟਸ ਮਨਿਸਟਰ ਪਰਗਟ ਸਿੰਘ ਜਿਨਾਂ ਵਲੋਂ ਸ਼ੇਰਗੜੂ ਦੇ ਧੂਰੀ ਹਲਕੇ ਦੇ ਪਿੰਡਾਂ ਦਾ ਦੌਰਾ ਕੀਤਾ ਜਾ ਰਿਹਾ ਹੈ ਇਸੇ ਦੇ ਤਹਿਤ ਪਿੰਡ ਬੱਬਰ ਨੂੰ ਪਹੁੰਚਣ ਤੇ ਉਹਨਾਂ ਵੱਲੋਂ ਲੋਕਾਂ ਨੂੰ ਗੱਲਬਾਤ ਕਰਦਿਆਂ ਹੋਏ ਕਿਹਾ ਕਿ ਭਾਰਤੀ ਜਨਤਾ ਪਾਰਟੀ ਅਤੇ ਆਮ ਆਦਮੀ ਪਾਰਟੀ ਦੀ ਸਰਕਾਰ ਇੱਕ ਹੈ ਕਿਉਂਕਿ ਆਮ ਆਦਮੀ ਪਾਰਟੀ ਭਾਰਤੀ ਜਨਤਾ ਪਾਰਟੀ ਦੀ ਬੀ ਟੀਮ ਹੈ ਕਿਉਂਕਿ ਭਗਵੰਤ ਮਾਨ ਹਮੇਸ਼ਾ ਹੀ ਕੇਂਦਰ ਸਰਕਾਰ ਇਸ਼ਾਰੇ ਤੇ ਚੱਲਦੇ ਆ ਰਹੇ ਹਨ ਅਤੇ ਨਾਲ ਇਹ ਵੀ ਕਿਹਾ ਕਿ ਇਹ ਆਪਣੇ ਪਾਰਟੀ ਕਨਵੀਨਰ ਅਰਵਿੰਦ ਕੇਜਰੀਵਾਲ ਦੇ ਕਹਿਣ ਤੋਂ ਬਿਨਾਂ ਨਹੀਂ ਚੱਲਦੇ। ਉਨ੍ਹਾਂ ਇਸ ਗੱਲ ਦੀ ਵੀ ਸ਼ੰਕਾ ਜਤਾਈ ਕੀ ਮੁੱਖ ਮੰਤਰੀ ਪੰਜਾਬ ਹਰ ਸਮੇਂ ਹੀ ਪੰਜਾਬ ਦੇ ਲੋਕਾਂ ਨਾਲ ਧੋਖਾ ਤੇ ਫਰੇਬ ਕਰਦੇ ਆ ਰਹੇ ਹਨ ਉਹ ਆਪਣੇ ਹਲਕੇ ਧੂਰੀ ਦੇ ਵਿੱਚ ਲੋਕਾਂ ਨੂੰ ਮਿਲਣ ਤੱਕ ਨਹੀਂ ਆਂਦੇ ਜਾਦੇ ਹੋ ਜਿੱਤ ਕੇ ਸੀਐਮ ਬਣੇ ਹਨ ਸਗੋਂ ਅਰਵਿੰਦ ਕੇਜਰੀਵਾਲ ਦੀ ਜੀ ਹਜ਼ੂਰੀ ਦੇ ਵਿੱਚ ਹਰ ਵੇਲੇ ਤਿਆਰ ਰਹਿੰਦੇ ਹਨ।

ਉਹਨਾਂ ਦੇ ਲਈ ਪੰਜਾਬ ਸਰਕਾਰ ਵੱਲੋਂ ਇੱਕ ਸਪੈਸ਼ਲ ਹੈਲੀਕੋਪਟਰ ਵੀ ਖਰੀਦਿਆ ਗਿਆ ਹੈ। ਪੰਜਾਬ ਦੇ ਲੋਕਾਂ ਨੂੰ ਅੱਜ ਤੋਂ ਤਕਰੀਬਨ ਢਾਈ ਸਾਲ ਪਹਿਲਾਂ ਬੇਵਕੂਫ ਬਣਾ ਕੇ ਅਤੇ ਆਪਣੀਆਂ ਗੱਲਾਂ ਵਿੱਚ ਲਾ ਕੇ ਆਮ ਆਦਮੀ ਪਾਰਟੀ ਦੇ 92 ਐਮਐਲਏ ਬਣਾਏ ਸਨ ਮੁੱਖ ਮੰਤਰੀ ਪੰਜਾਬ ਨੇ ਮਹਿਲਾਵਾਂ ਨੂੰ ਵਾਅਦਾ ਕੀਤਾ ਸੀ ਕਿ ਹਰੇਕ ਮਹਿਲਾ ਨੂੰ ਇੱਕ-ਇੱਕ ਹਜਾਰ ਰੁਪਆ ਦਿੱਤਾ ਜਾਵੇਗਾ ਪਰ ਅੱਜ ਤੱਕ ਉਹ ਵਾਅਦਾ ਪੂਰਾ ਨਹੀਂ ਕੀਤਾ ਗਿਆ। ਪੰਜਾਬ ਦੇ ਲੋਕਾਂ ਦਾ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਕਦੇ ਨਹੀਂ ਸੋਚਿਆ ਗਿਆ ਕਿ ਲੋਕ ਕਿਸ ਤਰ੍ਹਾਂ ਜੀ ਰਹੇ ਹਨ । ਆਪਣੇ ਭਾਸ਼ਣ ਦੇ ਵਿੱਚ ਇਸ ਗੱਲ ਦਾ ਜ਼ਿਕਰ ਵੀ ਕੀਤਾ ਕਿ ਮੁੱਖ ਮੰਤਰੀ ਪੰਜਾਬ ਕਿਸਾਨਾਂ ਦੇ ਹੱਕ ਚ ਵੀ ਨਹੀਂ ਗੱਲ ਕਰਦੇ ਸੋ ਕਿਸਾਨੋ ਉੱਪਰ ਹੀ ਜ਼ੁਲਮ ਕਰਦੇ ਹਨ ਅਤੇ ਪੰਜਾਬ ਨੂੰ ਕਰਜੇ ਦੇ ਬੋਝ ਥੱਲੇ ਦੱਬਦੇ ਜਾ ਰਹੇ ਹਨ ਜੇ ਗੱਲ ਕੀਤੀ ਜਾਵੇ ਤਾਂ ਪਿਛਲੇ ਸਮੇਂ ਦੀਆਂ ਸਰਕਾਰਾਂ ਨੇ ਜੋ ਕਰਜ਼ਾ ਲਿਆ ਸੀ ਉਸ ਤੋਂ ਦੁਗਣਾ ਕਰਜਾ ਪੰਜਾਬ ਸਰਕਾਰ ਵੱਲੋਂ ਲਿਆ ਜਾ ਚੁੱਕਿਆ ਹੈ ਨਾਲ ਹੀ ਉਹਨਾਂ ਨੇ ਕੇਂਦਰ ਨੂੰ ਵੀ ਇਸੇ ਮੁੱਦੇ ਲਈ ਘੇਰਦੇ ਹੋਏ ਕਿਹਾ ਕਿ 70 ਸਾਲ ਵੱਲੋਂ ਅਲੱਗ ਅਲੱਗ ਸਰਕਾਰਾ ਦੇ ਵਿੱਚ 50 ਲੱਖ ਕਰੋੜ ਦਾ ਕਰਜ਼ਾ ਲਿਆ ਗਿਆ ਸੀ ਪਰ ਉਹ ਇਹ ਕਰਜਾ 205 ਕਰੋੜ ਰੁਪਏ ਹੋ ਚੁੱਕਿਆ ਹੈ ਉਹਨਾਂ ਨੇ ਲੁੱਕ ਤੋਂ ਅਪੀਲ ਕੀਤੀ ਕਿ ਸਭ ਤੋਂ ਵੱਧ ਸੁਖਪਾਲ ਸਿੰਘ ਖਹਿਰਾ ਦੇ ਹੱਕ ਦੇ ਵਿੱਚ ਵੋਟ ਪਾ ਕੇ ਸੁਖਪਾਲ ਸਿੰਘ ਖਹਿਰਾ ਨੂੰ ਮੈਂਬਰ ਪਾਰਲੀਮੈਂਟ ਬਣਾ ਕੇ ਦਿੱਲੀ ਭੇਜੀਏ ਜਿੱਥੇ ਉਹ ਪੰਜਾਬ ਦੇ ਮੁੱਦਿਆਂ ਤੇ ਗੱਲ ਕਰ ਸਕਣ ।

ਚੋਣ ਪ੍ਰਕ੍ਰਿਆ 'ਤੇ ਨਿਗਰਾਨੀ ਰੱਖਣ ਲ

ਉੱਤਰੀ ਵਜੀਰਿਸਤਾਨ ਜਿਲ੍ਹੇ 'ਚ ਅੱਤਵਾਦੀਆਂ ਨੇ ਕੁੜੀਆਂ ਦੇ ਸਕੂਲ ਨੂੰ ਉਡਾਇਆ

ਗੁਰਦਾਸਪੁਰ/ਇਸਲਾਮਾਬਾਦ 14 ਮਈ। ਉੱਤਰੀ ਵਜੀਰਿਸਤਾਨ ਜ?ਿਲ੍ਹੇ ਦੀ ਸੇਵਾ ਤਹਿਸੀਲ ਵਿਚ ਅਣਪਛਾਤੇ ਅੱਤਵਾਦੀਆਂ ਨੇ ਕੁੜੀਆਂ ਦੇ ਇਕ ਪ੍ਰਾਈਵੇਟ ਸਕੂਲ ਨੂੰ ਉਡਾ ਦਿੱਤਾ। ਅੱਤਵਾਦੀਆਂ ਨੇ ਪਹਿਲਾਂ ਸਕੂਲ ਦੇ ਚੌਕੀਦਾਰ ਦੀ ਕੁੱਟਮਾਰ ਕੀਤੀ ਅਤੇ ਬਾਅਦ 'ਚ ਸਕੂਲ ਦੇ ਦੋ ਕਮਰਿਆਂ ਨੂੰ ਉਡਾ ਦਿੱਤਾ। ਧਮਾਕੇ ਵਿਚ ਕੋਈ ਜਾਨੀ ਜਾਂ ਮਾਲੀ ਨੁਕਸਾਨ ਨਹੀਂ ਹੋਇਆ। ਸਰਹੱਦ ਪਾਰਲੇ ਸੂਤਰਾਂ ਅਨੁਸਾਰ ਇਲਾਕੇ ਦਾ ਇਹ ਇਕਲੌਤਾ ਕੁੜੀਆਂ ਦਾ ਸਕੂਲ ਸੀ ਅਤੇ ਇਸ ਵਿਚ 800 ਦੇ ਕਰੀਬ ਕੁੜੀਆਂ ਪੜ੍ਹਦੀਆਂ ਸਨ। ਕੁਝ ਦਿਨਾਂ ਤੋਂ ਸਕੂਲ ਮਾਲਕਾਂ ਨੂੰ ਸਕੂਲ ਬੰਦ ਕਰਨ ਦੀਆਂ ਧਮਕੀਆਂ ਮਿਲ ਰਹੀਆਂ ਸਨ ਅਤੇ ਕਿਹਾ ਜਾ ਰਿਹਾ ਸੀ ਕਿ ਇਸਲਾਮ ਵਿਚ ਲੜਕੀਆਂ ਦੀ ਪੜ੍ਹਾਈ ਜਰੂਰੀ ਨਹੀਂ ਹੈ ਪਰ ਸਕੂਲ ਮਾਲਕਾਂ ਨੇ ਇਸ ਗੱਲ ਦੀ ਪ੍ਰਵਾਹ ਨਹੀਂ ਕੀਤੀ। ਪਿਛਲੇ ਸਾਲ ਮਈ ਵਿਚ ਵੀ ਇਸੇ ਤਰ੍ਹਾਂ ਦੇ ਹਮਲੇ ਹੋਏ ਸਨ ਜਦੋਂ ਮਿਰਾਲੀ ਵਿਚ ਕੁੜੀਆਂ ਦੇ ਦੋ ਸਰਕਾਰੀ ਸਕੂਲਾਂ ਨੂੰ ਉਡਾ ਦਿੱਤਾ ਗਿਆ ਸੀ। ਇਨ੍ਹਾਂ ਘਟਨਾਵਾਂ 'ਚ ਕਿਸੇ ਜਾਨੀ ਨੁਕਸਾਨ ਦੀ ਕੋਈ ਰਿਪੋਰਟ ਨਹੀਂ ਹੈ।

ਪਰਾਲੀ ਲੈ ਕੇ ਜਾ ਰਹੇ ਟਰੈਕਟਰ-ਟਰਾਲੀ ਦੀ ਕਾਰ ਨਾਲ ਹੋਈ ਜਬਰਦਸਤ ਟੱਕਰ, ਕਾਰ ਸਵਾਰ ਦੀ ਹੋਈ ਮੌਤ

ਹਾਜੀਪੁਰ 14 ਮਈ। ਹਾਜੀਪੁਰ ਤੋਂ ਦਸੂਹਾ ਸੜਕ 'ਤੇ ਪੈਂਦੇ ਪਿੰਡ ਨੰਗਲ ਬਿਹਾਲਾਂ ਤੋਂ ਇਕ ਦੁਖਦਾਈ ਖਬਰ ਸਾਹਮਣੇ ਆ ਰਹੀ ਹੈ, ਜਿੱਥੇ ਦੇਰ ਰਾਤ ਇਕ ਕਾਰ ਤੇ ਟਰੈਕਟਰ ਦੀ ਟੱਕਰ ਹੋ ਜਾਣ ਕਾਰਨ ਕਾਰ 'ਚ ਸਵਾਰ ਇਕ ਵਿਅਕਤੀ ਦੀ ਮੌਕੇ 'ਤੇ ਹੀ ਮੌਤ ਹੋ ਗਈ ਤੇ ਦੂਜਾ ਗੰਭੀਰ ਰੂਪ 'ਚ ਜਖਮੀ ਹੋ ਗਿਆ। ਇਸ ਹਾਦਸੇ ਤੋਂ ਬਾਅਦ ਟਰੈਕਟਰ ਚਾਲਕ ਮੌਕੇ ਤੋਂ ਫਰਾਰ ਹੋ ਗਿਆ। ਜਾਣਕਾਰੀ ਅਨੁਸਾਰ ਭੁਪਿੰਦਰ ਸਿੰਘ ਪੁੱਤਰ ਸਾਧੂ ਰਾਮ ਅਤੇ ਕਮਲਜੀਤ ਸਿੰਘ ਪੁੱਤਰ ਕਰਨਵੀਰ ਸਿੰਘ ਵਾਸੀ ਪਿੰਡ ਮਾਨਗੜ੍ਹ ਥਾਣਾ ਦਸੂਹਾ ਆਪਣੀ ਕਾਰ 'ਚ ਸਵਾਰ ਹੋ ਕੇ ਹਾਜੀਪੁਰ ਤੋਂ ਦਸੂਹਾ ਵੱਲ ਜਾ ਰਹੇ ਸਨ। ਜਦੋਂ ਉਹ ਪਿੰਡ ਨੰਗਲ ਬਿਹਾਲਾਂ ਨੇੜੇ ਪਹੁੰਚੇ ਤਾਂ ਉਨ੍ਹਾਂ ਦੀ ਕਾਰ ਦੀ ਸਾਹਮਣੇ ਤੋਂ ਪਰਾਲੀ ਲੈ ਕੇ ਆ ਰਹੇ ਇਕ ਟਰੈਕਟਰ-ਟਰਾਲੀ ਨਾਲ ਟੱਕਰ ਹੋ ਗਈ। ਇਸ ਜਬਰਦਸਤ ਹਾਦਸੇ 'ਚ ਕਾਰ ਸਵਾਰ ਭੁਪਿੰਦਰ ਸਿੰਘ ਦੀ ਮੌਕੇ 'ਤੇ ਹੀ ਮੌਤ ਹੋ ਗਈ ਅਤੇ ਉਸ ਦਾ ਸਾਥੀ ਕਮਲਜੀਤ ਸਿੰਘ ਗੰਭੀਰ ਰੂਪ 'ਚ ਜਖਮੀ ਹੋ ਗਿਆ, ਜਿਸ ਨੂੰ ਜਲੰਧਰ ਦੇ ਇਕ ਹਸਪਤਾਲ 'ਚ ਇਲਾਜ ਲਈ ਲਿਜਾਇਆ ਗਿਆ ਹੈ। ਮਾਮਲੇ ਦੀ ਜਾਣਕਾਰੀ ਦਿੰਦਿਆਂ ਐੱਸ.ਐੱਚ.ਓ. ਹਾਜੀਪੁਰ ਪੰਕਜ ਕੁਮਾਰ ਨੇ ਦੱਸਿਆ ਕਿ ਹਾਦਸੇ ਦੀ ਸੂਚਨਾ ਮਿਲਦੇ ਹੀ ਹਾਜੀਪੁਰ ਪੁਲਸ ਦੇ ਏ.ਐੱਸ.ਆਈ. ਆਪਣੀ ਪੁਲਸ ਪਾਰਟੀ ਦੇ ਨਾਲ ਮੌਕੇ 'ਤੇ ਪਹੁੰਚ ਕੇ ਲਾਸ ਨੂੰ ਕਬਜੇ 'ਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਹੈ ਅਤੇ ਹਾਦਸੇ 'ਚ ਨੁਕਸਾਨੇ ਗਏ ਵਾਹਨਾਂ ਨੂੰ ਕਬਜੇ 'ਚ ਲੈ ਕੇ ਹਾਦਸੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

ਆਬਕਾਰੀ ਵਿਭਾਗ ਤੇ ਪੁਲਸ ਟੀਮਾਂ ਨੇ ਛਾਪੇਮਾਰੀ ਦੌਰਾਨ 12 ਹਜਾਰ ਕਿਲੋ ਲਾਹਣ ਕੀਤੀ ਬਰਾਮਦ

ਬਟਾਲਾ/ਸ੍ਰੀ ਹਰਗੋਬਿੰਦਪੁਰ ਸਾਹਿਬ 14 ਮਈ। ਆਬਕਾਰੀ ਵਿਭਾਗ ਅਤੇ ਥਾਣਾ ਸ੍ਰੀ ਹਰਗੋਬਿੰਦਪੁਰ ਸਾਹਿਬ ਦੀ ਪੁਲਸ ਨੇ ਛਾਪੇਮਾਰੀ ਦੌਰਾਨ ਭਾਰੀ ਮਾਤਰਾ 'ਚ ਲਾਹਣ ਬਰਾਮਦ ਕੀਤੀ ਹੈ। ਇਸ ਸਬੰਧੀ ਐੱਸ. ਐੱਚ. ਓ. ਮਨਤੇਜ ਸਿੰਘ ਅਤੇ ਐਕਸਾਈਜ ਇੰਸਪੈਕਟਰ ਬਿਕਰਮਜੀਤ ਸਿੰਘ ਨੇ ਦੱਸਿਆ ਕਿ ਲੋਕ ਸਭਾ ਚੋਣਾਂ ਨੂੰ ਮੁੱਖ ਰੱਖਦਿਆਂ ਆਬਕਾਰੀ ਵਿਭਾਗ ਅਤੇ ਪੁਲਸ ਵੱਲੋਂ ਨਾਜਾਇਜ ਸ਼ਰਾਬ ਦਾ ਕਾਰੋਬਾਰ ਕਰਨ ਵਾਲਿਆਂ ਖਿਲਾਫ ਵਿਸ਼ੇਸ਼ ਮੁਹਿਮ ਚਲਾਈ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਇਸੇ ਲੜੀ ਤਹਿਤ ਅੱਜ ਥਾਣਾ ਸ੍ਰੀ ਹਰਗੋਬਿੰਦਪੁਰ ਸਾਹਿਬ ਦੀ ਪੁਲਸ ਅਤੇ ਆਬਕਾਰੀ ਵਿਭਾਗ ਦੀ ਟੀਮ ਵੱਲੋਂ ਪਿੰਡ ਕਠਾਣਾ ਵਿਖੇ ਸਾਂਝੇ ਤੌਰ 'ਤੇ ਛਾਪੇਮਾਰੀ ਦੌਰਾਨ 12 ਹਜਾਰ ਕਿਲੋ ਲਾਹਣ ਅਤੇ 12 ਪਲਾਸਟਿਕ ਦੀਆਂ ਤਰਪਾਲਾਂ ਬਰਾਮਦ ਕੀਤੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਪੁਲਸ ਨੇ ਲਾਹਣ ਨੂੰ ਕਬਜ਼ੇ ਵਿਚ ਲੈ ਕੇ ਅਣਪਛਾਤੇ ਵਿਅਕਤੀਆਂ ਖਿਲਾਫ ਕੇਸ ਦਰਜ ਕਰ ਲਿਆ ਹੈ।

ਈਰਾਨੀ ਕੇਸਰ ਨੇ ਵਧਾਈ ਮੁਸ਼ਕਲ, ਖਾਣ-ਪੀਣ ਤੋਂ ਲੈ ਕੇ ਦਵਾਈਆਂ ਤੱਕ ਹੋ ਸਕਦੀਆਂ ਹਨ ਮਹਿੰਗੀਆਂ

ਕਿਸ਼ਨ ਪਾਲ

ਨਵੀਂ ਦਿੱਲੀ 14 ਮਈ। ਪੱਛਮ ਏਸ਼ੀਆ 'ਚ ਚੱਲ ਰਹੇ ਭੂ-ਸਿਆਸੀ ਤਣਾਅ ਅਤੇ ਈਰਾਨ 'ਚ ਜਾਰੀ ਸੰਘਰਸ਼ ਦੀ ਮਾਰ ਕੇਸਰ 'ਤੇ ਪਈ ਹੈ। ਭਾਰਤ 'ਚ ਪ੍ਰਚੂਨ ਵਿਚ ਕੇਸਰ ਦੀ ਕੀਮਤ 4.95 ਲੱਖ ਰੁਪਏ ਕਿਲੋ ਤੱਕ ਪਹੁੰਚ ਗਈ ਹੈ। ਦਰਅਸਲ, ਈਰਾਨ ਪੂਰੀ ਦੁਨੀਆ ਨੂੰ ਕੇਸਰ ਸਪਲਾਈ ਕਰਦਾ ਹੈ। ਭਾਰਤ 'ਚ ਵੀ ਕੇਸਰ ਈਰਾਨ ਤੋਂ ਹੀ ਆਉਂਦਾ ਹੈ। ਪੱਛਮ ਏਸ਼ੀਆ 'ਚ ਚੱਲ ਰਹੇ ਤਣਾਅ ਦੀ ਵਜ੍ਹਾ ਨਾਲ ਕੇਸਰ ਦੀ ਸਪਲਾਈ ਠੱਪ ਹੋ ਗਈ ਹੈ, ਸਪਲਾਈ ਨਾ ਹੋਣ ਕਾਰਨ ਭਾਰਤ 'ਚ ਕੇਸਰ 20 ਤੋਂ 27 ਫੀਸਦੀ ਤੱਕ ਮਹਿੰਗਾ ਹੋ ਗਿਆ ਹੈ। ਜੰਮੂ-ਕਸ਼ਮੀਰ ਦੇ ਕਾਰੋਬਾਰੀਆਂ ਮੁਤਾਬਕ ਜੰਮੂ-ਕਸ਼ਮੀਰ ਦੇ ਇਲਾਕਿਆਂ 'ਚ ਕੇਸਰ ਦੀਆਂ ਕੀਮਤਾਂ 'ਚ ਇਕ ਮਹੀਨੇ ਦੇ ਅੰਦਰ 27 ਫੀਸਦੀ ਤੱਕ ਦੀ ਤੇਜੀ ਆ ਗਈ ਹੈ। ਵਧੀਆ ਕੁਆਲਿਟੀ ਦਾ ਕੇਸਰ, ਜੋ ਪਹਿਲਾਂ 3.5 ਤੋਂ 3.6 ਲੱਖ ਰੁਪਏ ਕਿਲੋ ਮਿਲਦਾ ਸੀ, ਉਹ ਹੁਣ ਵਧ ਕੇ 4.95 ਲੱਖ ਰੁਪਏ ਤੱਕ ਪਹੁੰਚ ਗਿਆ ਹੈ। ਇਸੇ ਤਰ੍ਹਾਂ ਥੋਕ 'ਚ ਜੋ ਕੇਸਰ ਜੰਮੂ-ਕਸ਼ਮੀਰ 'ਚ ਪਹਿਲਾਂ 2.8 ਤੋਂ 3 ਲੱਖ ਰੁਪਏ ਕਿਲੋ ਵਿਕਦਾ ਸੀ, ਉਹ ਹੁਣ ਵਧ ਕੇ 3.62 ਲੱਖ ਦੇ ਲੱਗਭਗ ਪਹੁੰਚ ਚੁੱਕਾ ਹੈ। ਦਰਅਸਲ, ਈਰਾਨ ਹਰ ਸਾਲ ਲੱਗਭਗ 430 ਟਨ ਕੇਸਰ ਦਾ ਉਤਪਾਦਨ ਕਰਦਾ ਹੈ, ਜੋ ਦੁਨੀਆ ਦੇ ਕੁੱਲ ਉਤਪਾਦਨ ਦਾ 90 ਫੀਸਦੀ ਹੁੰਦਾ ਹੈ। ਮੰਨਿਆ ਜਾ ਰਿਹਾ ਹੈ ਕਿ ਕੇਸਰ ਦੇ ਮਹਿੰਗੇ ਹੋਣ ਕਾਰਨ ਖਾਣ-ਪੀਣ ਦੀ ਚੀਜਾਂ, ਕਾਸਮੈਟਿਕ ਵਸਤਾਂ, ਇਥੋਂ ਤੱਕ ਕਿ ਦਵਾਈਆਂ ਵੀ ਮਹਿੰਗੀਆਂ ਹੋ ਸਕਦੀਆਂ ਹਨ। ਇਸ ਦੀ ਵਜ੍ਹਾ ਇਹ ਹੈ ਕਿ ਇਨ੍ਹਾਂ ਸਾਰੀਆਂ ਚੀਜਾਂ 'ਚ ਕੇਸਰ ਦੇ ਫਲੇਵਰ ਦੀ ਵਰਤੋਂ ਕੀਤੀ ਜਾਂਦੀ ਹੈ। ਭਾਰਤ 'ਚ ਹਰ ਸਾਲ ਲੱਗਭਗ 55 ਤੋਂ 60 ਟਨ ਕੇਸਰ ਦੀ ਦਰਾਮਦ ਈਰਾਨ ਤੋਂ ਕਰਦਾ ਹੈ। ਭੂ-ਸਿਆਸੀ ਤਣਾਅ ਦੀ ਵਜ੍ਹਾ ਨਾਲ ਸਪਲਾਈ ਰੁਕ ਗਈ ਹੈ। ਲਿਹਾਜਾ ਭਾਰਤ 'ਚ ਕੇਸਰ ਦਾ ਸੰਕਟ ਪੈਦਾ ਹੋ ਗਿਆ ਹੈ, ਜਿਸ ਦੀ ਵਜ੍ਹਾ ਨਾਲ ਕੀਮਤਾਂ 'ਚ ਅਚਾਨਕ ਤੇਜ ਵਾਧਾ ਦੇਖਣ ਨੂੰ ਮਿਲ ਰਿਹਾ ਹੈ। ਉਥੇ ਹੀ, ਭਾਰਤ 'ਚ ਘਟਦੇ ਕੇਸਰ ਦੇ ਉਤਪਾਦਨ ਨੇ ਮੁਸ਼ਕਲਾਂ ਹੋਰ ਵਧਾ ਦਿੱਤੀਆਂ ਹਨ। ਅੰਕੜਿਆਂ ਦੇ ਮੁਤਾਬਕ ਸਾਲ 2011-12 ਦੌਰਾਨ ਭਾਰਤ ਲੱਗਭਗ 8 ਟਨ ਕੇਸਰ ਦਾ ਉਤਪਾਦਨ ਕਰਦਾ ਸੀ, ਜੋ ਸਾਲ 2023-24 'ਚ ਘਟ ਕੇ ਸਿਰਫ 2.6 ਟਨ ਰਹਿ ਗਿਆ ਹੈ, ਜਦਕਿ ਭਾਰਤ 'ਚ ਕੇਸਰ ਦੀ ਖਪਤ 60 ਟਨ ਨਾਲੋਂ ਵੀ ਜ?ਿਆਦਾ ਹੈ। ਲਿਹਾਜਾ ਕੇਸਰ ਦੇ ਲਈ ਭਾਰਤ ਨੂੰ ਈਰਾਨ 'ਤੇ ਨਿਰਭਰ ਰਹਿਣਾ ਪੈਂਦਾ ਹੈ।

ਸ਼੍ਰੀਨਗਰ 'ਚ ਕੇਸਰ ਦਾ ਕਾਰੋਬਾਰ ਕਰਨ ਵਾਲੇ ਕਾਰੋਬਾਰੀ ਸ਼ਾਹਬਾਜ ਬਿਨ ਖਾਲਿਕ ਮੁਤਾਬਿਕ ਕੇਸਰ ਦੀਆਂ ਕੀਮਤਾਂ ਹਰ ਰੋਜ ਵਧ ਰਹੀਆਂ ਹਨ। ਜੇਕਰ ਇਹੀ ਹਾਲ ਰਿਹਾ ਤਾਂ ਆਉਣ ਵਾਲੇ ਦਿਨਾਂ 'ਚ ਕੀਮਤਾਂ ਹੋਰ ਵਧਣਗੀਆਂ। ਭਾਰਤ ਖੁਦ ਵੀ ਕੇਸਰ ਦਾ ਉਤਪਾਦਨ ਕਰਦਾ ਹੈ। ਜੰਮੂ-ਕਸ਼ਮੀਰ ਦੇ ਪਾਂਪੋਰ, ਬਡਗਾਮ, ਕਿਸਤਵਾੜ ਅਤੇ ਸ਼੍ਰੀਨਗਰ ਵਰਗੇ ਇਲਾਕਿਆਂ 'ਚ ਇਸ ਦੀ ਖੇਤੀ ਹੁੰਦੀ ਹੈ ਪਰ ਇਸ ਦਾ ਉਤਪਾਦਨ ਸਿਰਫ 2 ਤੋਂ 3 ਟਨ ਹੀ ਰਹਿ ਗਿਆ ਹੈ। ਦਰਅਸਲ, ਕੇਸਰ ਦਾ ਉਤਪਾਦਨ ਕਰਨਾ ਬੇਹੱਦ ਔਖਾ ਹੁੰਦਾ ਹੈ। ਇਕ 10 ਗ੍ਰਾਮ ਕੇਸਰ ਦਾ ਉਤਪਾਦਨ ਕਰਨ 'ਚ 160 ਤੋਂ 180 ਫੁੱਲਾਂ ਦੀ ਵਰਤੋਂ ਕੀਤੀ ਜਾਂਦੀ ਹੈ। ਭਾਰਤ ਕੇਸਰ ਦੀ ਬਰਾਮਦ ਯੂ. ਏ. ਈ., ਅਮਰੀਕਾ, ਆਸਟ੍ਰੇਲੀਆ, ਨੇਪਾਲ ਅਤੇ ਕੈਨੇਡਾ ਵਰਗੇ ਦੇਸ਼ਾਂ ਨੂੰ ਕਰਦਾ ਹੈ। ਹੁਣ ਮੁਸੀਬਤ ਇਹ ਹੈ ਕਿ ਜਦੋਂ ਭਾਰਤ ਆਪਣੀ ਲੋੜ ਪੂਰੀ ਨਹੀਂ ਕਰ ਪਾ ਰਿਹਾ ਤਾਂ ਇਨ੍ਹਾਂ ਦੇਸ਼ਾਂ ਨੂੰ ਸਪਲਾਈ ਕਿੱਥੋਂ ਕਰੇਗਾ। ਜੰਮੂ-ਕਸ਼ਮੀਰ ਅਤੇ ਉਸ ਦੇ ਆਲੇ-ਦੁਆਲੇ ਦੇ ਇਲਾਕਿਆਂ 'ਚ ਕੇਸਰ ਦਾ ਉਤਪਾਦਨ ਘਟਣ ਦੀ ਵਜ੍ਹਾ ਕੁਝ ਹੋਰ ਨਹੀਂ, ਸਗੋਂ ਇਥੋਂ ਦੀਆਂ ਵਧ ਰਹੀਆਂ ਸੀਮੈਂਟ ਫੈਕਟਰੀਆਂ ਹਨ। ਬਡਗਾਮ 'ਚ ਟੂਰਿਜਮ ਦਾ ਕੰਮ ਕਰਨ ਵਾਲੇ ਇਜਾਜ ਅਹਿਮਦ ਦਾ ਕਹਿਣਾ ਹੈ ਕਿ ਬਡਗਾਮ 'ਚ ਇਨ੍ਹੀਂ ਦਿਨੀਂ ਬਹੁਤ ਸਾਰੀਆਂ ਨਵੀਆਂ ਸੀਮੈਂਟ ਦੀਆਂ ਫੈਕਟਰੀਆਂ ਖੁੱਲ੍ਹ ਗਈਆਂ ਹਨ, ਜਿਸ ਕਾਰਨ ਕੇਸਰ ਦੀ ਖੇਤੀ 'ਤੇ ਅਸਰ ਪਿਆ ਹੈ। ਇਜਾਜ ਮੁਤਾਬਿਕ ਕੇਸਰ ਦੀ ਖੇਤੀ ਲਈ ਵਾਤਾਵਰਣ ਦਾ ਸਾਫ ਹੋਣਾ ਬੇਹੱਦ ਜਰੂਰੀ ਹੈ ਪਰ ਇਨ੍ਹਾਂ ਫੈਕਟਰੀਆਂ ਤੋਂ ਜੋ ਕੂੜਾ ਨਿਕਲ ਰਿਹਾ ਹੈ, ਉਸ ਦੀ ਵਜ੍ਹਾ ਨਾਲ ਕੇਸਰ ਦਾ ਉਤਪਾਦਨ ਘੱਟ ਹੋਣ ਲੱਗਾ ਹੈ।

ਤੇਲ ਕੰਪਨੀਆਂ ਨੂੰ 82000 ਕਰੋੜ ਰੁਪਏ ਦਾ ਰਿਕਾਰਡ ਮੁਨਾਫਾ, 6 ਸਾਲਾਂ 'ਚ ਰੈਵੇਨਿਊ ਹੋਇਆ ਦੁੱਗਣਾ

ਏਜੰਸੀਆਂ

ਨਵੀਂ ਦਿੱਲੀ 14 ਮਈ। ਜੇਕਰ ਦੇਸ ਦੀਆਂ ਤਿੰਨੋਂ ਤੇਲ ਕੰਪਨੀਆਂ ਦੇ ਮੁਨਾਫੇ ਦੀ ਗੱਲ ਕਰੀਏ ਤਾਂ ਇਹ 82000 ਕਰੋੜ ਰੁਪਏ ਤੋਂ ਵੱਧ ਹੈ, ਜੋ ਕਿ ਇਕ ਰਿਕਾਰਡ ਹੈ। ਇਹ ਸਥਿਤੀ ਉਦੋਂ ਹੈ ਜਦੋਂ ਤਿੰਨੋਂ ਕੰਪਨੀਆਂ ਦਾ ਮੁਨਾਫਾ ਚੌਥੀ ਤਿਮਾਹੀ ਵਿਚ 50 ਫੀਸਦੀ ਤੱਕ ਘੱਟ ਹੋਇਆ ਹੈ। ਇਸ ਤੋਂ ਪਹਿਲਾਂ ਤਿੰਨ ਤਿਮਾਹੀਆਂ 'ਚ ਕੰਪਨੀਆਂ ਦਾ ਮੁਨਾਫਾ 69 ਹਜਾਰ ਕਰੋੜ ਰੁਪਏ ਤੋਂ ਜ?ਿਆਦਾ ਦੇਖਿਆ ਗਿਆ ਸੀ, ਜਿਸ ਤੋਂ ਬਾਅਦ ਅੰਦਾਜਾ ਲਗਾਇਆ ਗਿਆ ਸੀ ਕਿ ਕੰਪਨੀਆਂ ਦਾ ਪੂਰੇ ਵਿੱਤ ਸਾਲ ਵਿਚ ਮੁਨਾਫਾ 90 ਹਜਾਰ ਕਰੋੜ ਰੁਪਏ ਨੂੰ ਪਾਰ ਕਰ ਸਕਦਾ ਹੈ, ਪਰ ਅਜਿਹਾ ਨਹੀਂ ਹੋ ਸਕਿਆ। ਭਾਵੇਂ ਹੀ ਦੇਸ ਦੀਆਂ ਸਰਕਾਰੀ ਤੇਲ ਅਤੇ ਗੈਸ ਕੰਪਨੀਆਂ ਨੇ ਆਪਣੇ ਰੈਵੇਨਿਊ ਨੂੰ 6 ਸਾਲਾਂ ਵਿਚ ਦੁੱਗਣਾ ਕਰ ਲਿਆ ਹੋਵੇ, ਪਰ ਆਪਣੇ ਵਰਕਫੋਰਸ ਭਾਵ ਨੌਕਰੀਆਂ ਵਿਚ 14 ਫੀਸਦੀ ਯਾਨੀ 15,700 ਦੀ ਕਟੌਤੀ ਕਰ ਦਿੱਤੀ ਹੈ। ਪੈਟਰੋਲੀਅਮ ਮੰਤਰਾਲਾ ਦੇ ਅੰਕੜਿਆਂ ਮੁਤਾਬਕ 6 ਸਾਲ ਪਹਿਲਾਂ ਸਰਕਾਰੀ ਤੇਲ ਅਤੇ ਗੈਸ ਕੰਪਨੀਆਂ ਵਿਚ ਕਰਮਚਾਰੀਆਂ ਦੀ ਗਿਣਤੀ 1,10,000 ਸੀ, ਜੋ ਮੌਜੂਦਾ ਸਮੇਂ ਵਿਚ ਘੱਟ ਕੇ 2022-23 ਦੇ ਅੰਤ ਵਿਚ 94,300 ਹੋ ਗਈ। ਪ੍ਰੋਡਕਸ਼ਨ, ਮਾਰਕੀਟਿੰਗ ਤੇ ਆਰ. ਐਂਡ ਡੀ. ਸੈਕਟਰ ਵਿਚ ਬੀਤੇ ਸਾਲਾਂ ਵਿਚ 20-24 ਫੀਸਦੀ ਨੌਕਰੀਆਂ ਘੱਟ ਹੋ ਗਈਆਂ, ਜਦੋਂ ਕਿ ਰਿਫਾਇਨਰੀਆਂ ਵਿਚ ਸਿਰਫ 3 ਫੀਸਦੀ ਦੀ ਕਟੌਤੀ ਹੋਈ। ਪਾਈਪਲਾਈਨ ਕਾਰੋਬਾਰ ਵਿਚ ਰੁਜਗਾਰ 7 ਫੀਸਦੀ ਵਧਿਆ। ਜਿਥੇ ਐਗਜੀਕਿਊਟਿਵ ਜਾਂ ਪ੍ਰਬੰਧਕੀ ਨੌਕਰੀਆਂ ਵਿਚ 6 ਫੀਸਦੀ ਦੀ ਗਿਰਾਵਟ ਆਈ, ਉਥੇ, ਸੁਪਰਵਾਈਜਰ, ਕਲਰਕਾਂ ਅਤੇ ਕਾਮਿਆਂ ਸਮੇਤ

ਗੈਰ-ਪ੍ਰਬੰਧਕੀ ਨੌਕਰੀਆਂ ਵਿਚ 25 ਫੀਸਦੀ ਦੀ ਗਿਰਾਵਟ ਆਈ। ਐਕਸਪੋਲੇਰੇਸਨ ਅਤੇ ਪ੍ਰੋਡਕਸਨ ਸੈਕਟਰ ਵਿਚ ਪ੍ਰਬੰਧਕੀ ਨੌਕਰੀਆਂ ਵਿਚ 27 ਫੀਸਦੀ ਦੀ ਗਿਰਾਵਟ ਦੇਖਣ ਨੂੰ ਮਿਲੀ ਹੈ। ਰਿਫਾਈਨਰੀਜ ਵਿਚ ਪ੍ਰਬੰਧਕੀ ਨੌਕਰੀਆਂ ਵਿਚ 15 ਫੀਸਦੀ ਦਾ ਵਾਧਾ ਦੇਖਣ ਨੂੰ ਮਿਲੀ ਹੈ। ਆਰ. ਐਂਡ ਡੀ. ਸੈਕਸਨ ਵਿਚ ਪ੍ਰਬੰਧਕੀ ਨੌਕਰੀਆਂ 16 ਫੀਸਦੀ ਘੱਟ ਹੋਈਆਂ ਹਨ। ਸਰਕਾਰੀ ਤੇਲ ਕੰਪਨੀਆਂ ਵਿਚ ਕੁੱਲ ਰੋਜਗਾਰ ਵਿਚ ਪ੍ਰਬੰਧਕੀ ਨੌਕਰੀਆਂ ਦੀ ਹਿੱਸੇਦਾਰੀ 54.5 ਫੀਸਦੀ ਤੋਂ 5 ਫੀਸਦੀ ਵੱਧ ਕੇ 60 ਫੀਸਦੀ ਹੋ ਗਈ। ਰਿਫਾਇਨਿੰਗ (8 ਫੀਸਦੀ), ਆਰ. ਐਂਡ ਡੀ. (3 ਫੀਸਦੀ) ਅਤੇ ਮਾਰਕੀਟਿੰਗ (16 ਫੀਸਦੀ) ਖੇਤਰਾਂ ਵਿਚ ਪ੍ਰਬੰਧਕੀ ਨੌਕਰੀਆਂ ਦੀ ਹਿੱਸੇਦਾਰੀ ਵਿਚ ਵਾਧਾ ਹੋਇਆ ਹੈ। ਪ੍ਰੋਡਕਸ਼ਨ ਖੇਤਰ ਵਿਚ ਇਸ ਅਹੁਦੇ ਲਈ ਨੌਕਰੀਆਂ ਵਿਚ 5 ਫੀਸਦੀ ਦੀ ਗਿਰਾਵਟ ਆਈ ਹੈ। ਸਰਕਾਰੀ ਤੇਲ ਕੰਪਨੀਆਂ ਨੇ ਵਿੱਤੀ ਸਾਲ 2022-23 ਤੱਕ 6 ਵਿੱਤੀ ਸਾਲਾਂ ਵਿਚ 6,80,000 ਕਰੋੜ ਰੁਪਏ ਖਰਚ ਕੀਤੇ ਹਨ। ਉਦਯੋਗ ਨਾਲ ਜੁੜੇ ਲੋਕਾਂ ਅਨੁਸਾਰ ਤੇਲ ਸੈਕਟਰ ਵਿਚ ਨਿਵੇਸ ਨਾਲ ਉਸ ਹਿਸਾਬ ਨਾਲ ਨੌਕਰੀਆਂ ਪੈਦਾ ਨਹੀਂ ਹੁੰਦੀਆਂ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਕੰਪਨੀ ਨੂੰ ਹੁਨਰ ਵਾਲੇ ਲੋਕਾਂ ਦੀ ਲੋੜ ਹੈ, ਇਸ ਲਈ ਉਹ ਬਹੁਤ ਸਾਰੀਆਂ ਨੌਕਰੀਆਂ ਵਿਚ ਲੋਕਾਂ ਨੂੰ ਆਊਟਸੋਰਸ ਕਰਦੇ ਹਨ। ਮਾਰਚ 2023 ਵਿਚ ਇੰਡੀਅਨ ਆਇਲ ਕਾਰਪੋਰੇਸਨ ਵਿਚ 28,000 ਕਰਮਚਾਰੀ, 24,000 ਵਰਕਫੋਰਸ ਓ. ਐੱਨ. ਜੀ. ਸੀ. ਵਿਚ ਰਹੇ। ਕੁੱਲ ਨੌਕਰੀਆਂ ਵਿਚ ਅਧਿਕਾਰੀਆਂ ਜਾਂ ਪ੍ਰਬੰਧਕਾਂ ਦੀ ਹਿੱਸੇਦਾਰੀ ਇੰਡੀਅਨ ਆਇਲ ਵਿਚ 58 ਫੀਸਦੀ ਅਤੇ ਓ. ਐੱਨ. ਜੀ. ਸੀ. ਵਿਚ 60 ਫੀਸਦੀ ਸੀ।

ਚਰਨਜੀਤ ਚੰਨੀ ਵੱਲੋਂ ਬੀਬੀ ਜਗੀਰ ਦੀ ਠੋਡੀ 'ਤੇ ਹੱਥ ਲਗਾਉਣ ਦੇ ਮਾਮਲੇ 'ਚ ਮਹਿਲਾ ਕਮਿਸ਼ਨ ਦਾ ਐਕਸ਼ਨ

ਜਲੰਧਰ 14 ਮਈ। ਜਲੰਧਰ ਲੋਕ ਸਭਾ ਸੀਟ ਤੋਂ ਕਾਂਗਰਸ ਦੇ ਉਮੀਦਵਾਰ ਚਰਨਜੀਤ ਸਿੰਘ ਚੰਨੀ ਵਲੋਂ ਅਕਾਲੀ ਦਲ ਦੀ ਸੀਨੀਅਰ ਆਗੂ ਬੀਬੀ ਜਗੀਰ ਕੌਰ ਨੂੰ ਹੱਥ ਲਗਾਉਣ ਦੇ ਮਾਮਲੇ ਵਿਚ ਮਹਿਲਾ ਕਮਿਸ਼ਨ ਨੇ ਸਖਤ ਐਕਸ਼ਨ ਲਿਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ